Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact :
647-951-7900
SUKHWINDER NAHAL CFP, CLU
Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning news paper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 20*Issue 67 | Monday, April 05, 2021 | Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper | THE ONLY DAILY PUNJABI NEWSPAPER | ਹੁਣ ਤੁਸੀਂ 'ਪੰਜਾਬੀ ਪੋਸਟ' Onlineਰੋਜ਼ਾਨਾ ਪੜ੍ਹ ਸਕਦੇ ਹੋ

# ਕੋਵਿਡ-19 ਦੇ ਸਬੰਧ ਵਿਚ ਸਾਨੂੰ ਅਜੇ ਵੀ ਅਹਿਤਿਆਤ ਤੋਂ ਕੰਮ ਲੈਣ ਦੀ ਲੋੜ : ਟੈਮ

ਓਟਵਾ, 4 ਅਪਰੈਲ (ਪੋਸਟ ਬਿਊਰੋ) : ਕੈਨੇਡਾ ਦੀ ਚੀਫ ਪਬਲਿਕ ਹੈਲਥ ਆਫੀਸਰ ਡਾ॰ ਥੈਰੇਸਾ ਟੈਮ ਵੱਲੋਂ ਅਜੇ ਵੀ ਸਾਰਿਆਂ ਨੂੰ ਅਹਿਤਿਆਤ ਤੋਂ ਕੰਮ ਲੈਣ ਦੀ ਅਪੀਲ ਕੀਤੀ ਜਾ ਰਹੀ ਹੈ। ਕੋਵਿਡ-19 ਦੇ ਹੋਰ ਵੇਰੀਐਂਟਸ ਸਾਹਮਣੇ ਆਉਣ ਤੇ ਉਨ੍ਹਾਂ ਦੇ ਤੇਜ਼ੀ ਨਾਲ ਫੈਲਣ ਦੇ ਸਬੰਧ ਵਿੱਚ ਟੈਮ ਵੱਲੋਂ ਇਹ ਚੇਤਾਵਨੀ ਦਿੱਤੀ ਗਈ ਹੈ। ਅਜਿਹਾ ਦੂਜੀ ਵਾਰੀ ਹੋਇਆ ਹੈ ਕਿ ਮਹਾਂਮਾਰੀ ਨੇ ਈਸਟਰ ਦੇ ਜਸ਼ਨਾਂ ਵਿੱਚ ਵਿਘਨ ਪਾਇਆ ਹੋਵੇ।

ਟੈਮ ਨੇ ਟਵਿੱਟਰ ਉੱਤੇ ਸਾਰਿਆਂ ਨੂੰ ਆਗਾਹ ਕਰਦਿਆਂ ਆਖਿਆ ਕਿ ਹੁਣ ਸਾਨੂੰ ਹੋਰ ਸਾਵਧਾਨ ਰਹਿਣ ਦੀ ਲੋੜ ਹੈ ਤੇ ਸਾਨੂੰ ਅਵੇਸਲੇ ਨਹੀਂ ਹੋਣਾ ਚਾਹੀਦਾ। ਜ਼ਿਕਰਯੋਗ ਹੈ ਕਿ ਤੀਜੀ ਵੇਵ ਨਾਲ ਜੂਝ ਰਹੇ ਕਿਊਬਿਕ ਨੇ ਐਲਾਨ ਕੀਤਾ ਹੈ ਕਿ ਉਹ ਕਿਊਬਿਕ ਸਿਟੀ ਤੇ ਗੈਟਿਨਿਊ ਤੋਂ ਇਲਾਵਾ ਹੋਰ ਥਾਂਵਾਂ ਵਿੱਚ ਵੀ ਮੁੜ ਲਾਕਡਾਊਨ ਲਾਵੇਗਾ। ਪ੍ਰੋਵਿੰਸ ਨੇ ਆਖਿਆ ਕਿ ਛੌਡੀਐ-ਐਪਲੈਸ਼ ਰੀਜਨ ਵਿੱਚ ਗੈਰ ਜ਼ਰੂਰੀ ਕਾਰੋਬਾਰਾਂ ਨੂੰ ਬੰਦ ਕੀਤਾ ਜਾਵੇਗਾ ਤੇ ਸੋਮਵਾਰ ਸ਼ਾਮ ਤੋਂ 8:00 ਵਜੇ ਕਰਫਿਊ ਲਾਇਆ ਜਾਵੇਗਾ ਤੇ ਇਹ ਪ੍ਰਬੰਧ ਘੱਟੋ-ਘੱਟ 12 ਅਪਰੈਲ ਤੱਕ ਚੱਲਣਗੇ।

ਐਤਵਾਰ ਨੂੰ ਕਿਊਬਿਕ ਵਿੱਚ ਕੋਵਿਡ-19 ਦੇ 1154 ਨਵੇਂ ਮਾਮਲੇ ਸਾਹਮਣੇ ਆਏ। ਇਸ ਦੌਰਾਨ ਓਨਟਾਰੀਓ ਨੇ ਐਲਾਨ ਕੀਤਾ ਕਿ ਉਨ੍ਹਾਂ ਦੀ ਏਅਰ ਐਂਬੂਲੈਂਸ ਸਰਵਿਸ ਦੇ ਮੁਖੀ ਵੱਲੋਂ ਪ੍ਰੋਵਿੰਸ ਵਿੱਚ ਵੈਕਸੀਨ ਦੀ ਵੰਡ ਦੇ ਪ੍ਰੋਗਰਾਮ ਦੀ ਅਗਵਾਈ ਕੀਤੀ ਜਾਵੇਗੀ। ਡਾ. ਹੋਮਰ ਟੀਏਨ



ਰਿਟਾਇਰਡ ਜਨਰਲ ਰਿੱਕ ਹਿਲੀਅਰ ਦੀ ਥਾਂ ਲੈਣਗੇ। ਪ੍ਰੋਵਿੰਸ ਨੇ ਦੱਸਿਆ ਕਿ ਹਿਲੀਅਰ 31 ਮਾਰਚ ਨੂੰ ਐਕਸਪਾਇਰ ਹੋਏ ਉਨ੍ਹਾਂ ਦੇ ਕਾਂਟਰੈਕਟ ਨੂੰ ਅੱਗੇ ਨਹੀਂ ਸਨ ਵਧਾਉਣਾ ਚਾਹੁੰਦੇ।

ਇਸ ਦੌਰਾਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਇੱਕ ਵੀਡੀਓ ਮੈਸੇਜ ਵਿੱਚ ਸਵੀਕਾਰ ਕੀਤਾ ਕਿ ਕੋਵਿਡ-19 ਕਾਰਨ ਲਗਾਤਾਰ ਦੂਸਰੇ ਸਾਲ ਕੈਨੇਡੀਅਨਾਂ ਨੂੰ ਈਸਟਰ ਨੂੰ ਵੱਖਰੇ ਢੰਗ ਨਾਲ ਮਨਾਉਣ ਲਈ ਮਜਬੂਰ ਹੋਣਾ ਪਿਆ ਹੈ। ਬਹੁਤ ਸਾਰੇ ਕੈਨੇਡੀਅਨ ਨਿਜੀ ਤੌਰ ਉੱਤੇ ਨਾ ਤਾਂ ਚਰਚ ਜਾ ਸਕੇ ਤੇ ਨਾ ਹੀ ਪਰਿਵਾਰਕ ਡਿਨਰ ਹੀ ਕਰ ਸਕੇ। ਇਸ ਦੇ ਬਾਵਜੂਦ ਟਰੂਡੋ ਨੇ ਕੈਨੇਡੀਅਨਾਂ ਨੂੰ ਸਕਾਰਾਤਮਕ ਰਹਿਣ ਦੀ ਅਪੀਲ ਕੀਤੀ। ਉਨ੍ਹਾਂ ਆਖਿਆ ਕਿ ਕੋਵਿਡ-19 ਖਿਲਾਫ ਲੜਾਈ ਹੁਣ ਅੰਤਮ ਪੜਾਅ ਵਿੱਚ ਹੈ ਤੇ ਜਲਦ ਹੀ ਇਹ ਸੰਕਟ ਖਤਮ ਹੋ ਜਾਵੇਗਾ।

# ਇਟੋਬੀਕੋ ਵਿੱਚ ਚੱਲੀ ਗੋਲੀ, ਇੱਕ ਹਲਾਕ, ਇੱਕ ਜ਼ਖ਼ਮੀ

ਇਟੋਬੀਕੋ, 4 ਮਾਰਚ (ਪੋਸਟ ਬਿਊਰੋ) : ਇਟੋਬੀਕੋ ਵਿੱਚ ਚੱਲੀ ਗੋਲੀ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਜਦਕਿ ਇੱਕ ਹੋਰ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਿਆ।

ਸ਼ਨਿੱਚਰਵਾਰ ਸ਼ਾਮੀਂ 5:30 ਵਜੇ ਪੁਲਿਸ ਨੂੰ ਟੈਲਨ ਰੋਡ ਤੇ ਰੌਇਲ ਯੌਰਕ ਰੋਡ ਉੱਤੇ ਟਰੇਹੌਰਨ ਡਰਾਈਵ ਉੱਤੇ ਸੱਦਿਆ ਗਿਆ। ਮੌਕੇ ਉੱਤੇ ਪਹੁੰਚੀ ਪੁਲਿਸ ਨੂੰ ਦੋ ਵਿਅਕਤੀ ਜ਼ਖ਼ਮੀ ਹਾਲਤ ਵਿੱਚ ਮਿਲੇ। ਦੋਵਾਂ ਨੂੰ ਹੀ ਕਾਰ ਵਿੱਚ ਗੋਲੀ ਮਾਰੀ ਗਈ ਸੀ ਤੇ ਪੁਲਿਸ ਨੇ ਪਾਇਆ ਕਿ ਇੱਕ ਜ਼ਖ਼ਮੀ ਵਿਅਕਤੀ ਬੇਸੁੱਧ ਹੈ ਤੇ ਦੋਵਾਂ ਨੂੰ ਹੀ ਪੈਰਾਮੈਡਿਕਸ ਵੱਲੋਂ ਟਰੌਮਾ ਸੈਂਟਰ ਪਹੁੰਚਾਇਆ ਗਿਆ। ਇਹ ਵੀ ਮੰਨਿਆ ਜਾ ਰਿਹਾ ਹੈ ਕਿ ਇਹ ਦੋਵੇਂ ਆਪਣੇ 20ਵਿਆਂ ਵਿੱਚ ਸਨ। ਟਰੌਮਾ ਸੈਂਟਰ ਵਿੱਚ ਇੱਕ ਨੂੰ




ਖਤਰੇ ਤੋਂ ਬਾਹਰ ਦੱਸਿਆ ਗਿਆ ਤੇ ਦੂਜੇ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ਪੁਲਿਸ ਨੇ ਦੱਸਿਆ ਕਿ ਦੋ ਮਸ਼ਕੂਕ ਮੌਕੇ ਤੋਂ ਇੱਕ ਗੱਡੀ ਵਿੱਚ ਫਰਾਰ ਹੁੰਦੇ ਵੇਖੇ ਗਏ ਤੇ ਕੁੱਝ ਬਲਾਕਾਂ ਦੀ ਦੂਰੀ ਉੱਤੇ ਡਿਕਸਨ ਰੋਡ ਨੇੜੇ ਤੇ ਸਕਾਰਲੈੱਟ ਰੋਡ ਉੱਤੇ ਉਨ੍ਹਾਂ ਦੀ ਗੱਡੀ ਹਾਦਸਾਗ੍ਰਸਤ ਹੋ ਗਈ। ਫਿਰ ਦੋਵੇਂ ਪੈਦਲ ਹੀ ਬਚ ਨਿਕਲਣ ਵਿੱਚ ਕਾਮਯਾਬ ਹੋ ਗਏ। ਹਾਦਸੇ ਵਾਲੀ ਥਾਂ ਉੱਤੇ ਪੁਲਿਸ ਅਧਿਕਾਰੀਆਂ ਨੂੰ ਦੋ ਭਰੀਆਂ ਹੋਈਆਂ ਗੰਨਜ਼ ਮਿਲੀਆਂ। ਪੁਲਿਸ ਕੇ9 ਯੂਨਿਟਸ ਨਾਲ ਇਨ੍ਹਾਂ ਮਸ਼ਕੂਕਾਂ ਦੀ ਭਾਲ ਕਰ ਰਹੀ ਹੈ। ਇਸ ਸਮੇਂ ਮਸ਼ਕੂਕਾਂ ਦਾ ਵੇਰਵਾ ਜਾਰੀ ਨਹੀਂ ਕੀਤਾ ਗਿਆ ਹੈ।

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI
416.994.7272
www.allkindinsurance.com

# ਸਟੰਟ ਕਰਨ ਵਾਲੀ ਭੀੜ ਨੇ ਪੁਲਿਸ ਦੀ ਗੱਡੀਆਂ ਨੂੰ ਵੀ ਪਹੁੰਚਾਇਆ ਨੁਕਸਾਨ

ਟੋਰਾਂਟੋ, 4 ਅਪਰੈਲ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਐਤਵਾਰ ਸਵੇਰੇ ਨੌਰਥ ਯੌਰਕ ਵਿੱਚ ਸਟੰਟ ਡਰਾਈਵਿੰਗ ਦਾ ਇੱਕ ਵੱਖਰੀ ਕਿਸਮ ਦਾ ਮਾਮਲਾ ਸਾਹਮਣੇ ਆਇਆ।

ਸੋਸ਼ਲ ਮੀਡੀਆ ਉੱਤੇ ਵਾਇਰਲ ਹੋਏ ਇੱਕ ਵੀਡੀਓ ਵਿੱਚ ਕੁੱਝ ਲੋਕ ਸੜਕ ਉੱਤੇ ਬਣੇ ਇੱਕ ਗੋਲੇ ਉੱਤੇ ਕੋਈ ਬਲਣਸ਼ੀਲ ਪਦਾਰਥ ਪਾ ਕੇ ਉਸ ਨੂੰ ਅੱਗ ਲਾਉਂਦੇ ਨਜ਼ਰ ਆ ਰਹੇ ਹਨ ਤੇ ਫਿਰ ਉਸ ਗੋਲੇ ਵਿੱਚ ਇੱਕ ਗੱਡੀ ਤਰ੍ਹਾਂ ਤਰ੍ਹਾਂ ਦੇ ਸਟੰਟ ਕਰਦੀ ਹੈ। ਬਾਅਦ ਵਿੱਚ ਇਸ ਤਰ੍ਹਾਂ ਦੇ ਸਟੰਟ ਦਾ ਆਨੰਦ ਲੈ ਰਹੀ ਭੀੜ ਕੋਲ ਪੁਲਿਸ ਦੀ ਕਾਰ ਵੀ ਪਹੁੰਚਦੀ ਨਜ਼ਰ ਆ ਰਹੀ ਹੈ।

ਪੁਲਿਸ ਨੇ ਇਸ ਗੱਲ ਦੀ ਪੁਸ਼ਟੀ ਕੀਤੀ ਕਿ ਉਨ੍ਹਾਂ ਨੂੰ ਰਾਤੀਂ 2:25 ਉੱਤੇ ਮੈਕਨਿਕੋਲ ਐਵਨਿਊ ਤੇ ਪਲੇਸਰ



ਕੋਰਟ ਏਰੀਆ ਉੱਤੇ ਸੱਦਿਆ ਗਿਆ। ਪੁਲਿਸ ਨੂੰ ਦੱਸਿਆ ਗਿਆ ਕਿ ਇੱਕ ਵੱਡਾ ਸਾਰਾ ਗਰੁੱਪ ਸਟੰਟ ਡਰਾਈਵਿੰਗ ਕਰ ਰਿਹਾ ਹੈ, ਪਟਾਕੇ ਚਲਾ ਰਿਹਾ ਹੈ ਤੇ ਹੋਰ ਪਾਬੰਦੀਸ਼ੁਦਾ ਹਰਕਤਾਂ ਕਰ ਰਿਹਾ ਹੈ। ਜਦੋਂ ਪੁਲਿਸ ਅਧਿਕਾਰੀ ਮੌਕੇ ਉੱਤੇ ਪਹੁੰਚੇ ਤਾਂ ਭੀੜ ਮੱਛਰ ਗਈ ਤੇ ਉਨ੍ਹਾਂ ਪੁਲਿਸ ਦੀਆਂ ਗੱਡੀਆਂ ਨੂੰ ਹੀ ਤੋੜਨਾ ਭੰਨ੍ਹਣਾ ਸ਼ੁਰੂ ਕਰ ਦਿੱਤਾ।

ਜਾਂਚਕਾਰਾਂ ਨੇ ਦੱਸਿਆ ਕਿ ਇਸ ਮਾਮਲੇ ਦੇ ਸਬੰਧ ਵਿੱਚ ਚਾਰਜਿਜ਼ ਦਰਜ ਕਰ ਲਏ ਗਏ ਹਨ ਪਰ ਉਨ੍ਹਾਂ ਇਹ ਨਹੀਂ ਦੱਸਿਆ ਕਿ ਇਸ ਮਾਮਲੇ ਵਿੱਚ ਕਿੰਨੇ ਲੋਕਾਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ ਤੇ ਕਿੰਨੇ ਲੋਕਾਂ ਖਿਲਾਫ ਚਾਰਜਿਜ਼ ਲਾਏ ਗਏ ਹਨ।

## ਆਰੇਂਜ ਦੇ ਸੀਈਓ ਡਾ· ਟਿਏਨ ਕਰਨਗੇ ਵੈਕਸੀਨ ਟਾਸਕ ਫੋਰਸ ਦੀ ਅਗਵਾਈ



ਓਨਟਾਰੀਓ, 4 ਅਪਰੈਲ (ਪੋਸਟ ਬਿਊਰੋ) : ਰਿਟਾਇਰਡ ਜਨਰਲ ਰਿੱਕ ਹਿਲੀਅਰ ਦਾ ਕਾਰਜਕਾਲ ਖ਼ਤਮ ਹੋਣ ਤੋਂ ਬਾਅਦ ਤੇ ਉਨ੍ਹਾਂ ਵੱਲੋਂ ਵਾਧਾ ਨਾ ਲਏ ਜਾਣ ਮਗਰੋਂ ਹੁਣ ਆਰੇਂਜ ਏਅਰ ਐਂਬੂਲੈਂਸ ਦੇ ਸੀਈਓ ਤੇ ਪ੍ਰੈਜ਼ੀਡੈਂਟ ਡਾ· ਹੋਮਰ ਟਿਏਨ ਪ੍ਰੋਵਿੰਸ ਦੀ ਵੈਕਸੀਨ ਟਾਸਕ ਫੋਰਸ ਦੇ ਹੈੱਡ ਦਾ ਅਹੁਦਾ ਸਾਂਭਣਗੇ। ...ਬਾਕੀ ਪੰਨਾ 3 'ਤੇ

## ਹਿੰਸਕ ਵਾਰਦਾਤਾਂ ਤੋਂ ਬਾਅਦ ਉੱਤਰੀ ਆਇਰਲੈਂਡ ਦੀ ਪੁਲਿਸ ਨੇ ਕੀਤੀ ਸ਼ਾਂਤੀ ਦੀ ਅਪੀਲ

ਲੰਡਨ, 4 ਅਪਰੈਲ (ਪੋਸਟ ਬਿਊਰੋ) : ਉੱਤਰੀ ਆਇਰਲੈਂਡ ਵਿੱਚ ਦੂਜੀ ਰਾਤ ਹੋਈਆਂ ਹਿੰਸਕ ਵਾਰਦਾਤਾਂ ਵਿੱਚ ਪੁਲਿਸ ਅਧਿਕਾਰੀਆਂ ਉੱਤੇ ਪੈਟਰੋਲ ਬੰਬ ਨਾਲ ਹਮਲਾ ਕੀਤਾ ਗਿਆ ਤੇ ਕਾਰਾਂ ਨੂੰ ਅੱਗ ਲਗਾ ਦਿੱਤੀ ਗਈ। ਪੁਲਿਸ ਵੱਲੋਂ ਸਾਰਿਆਂ ਨੂੰ ਸ਼ਾਂਤੀ ਬਣਾਈ ਰੱਖਣ ਦੀ ਅਪੀਲ ਕੀਤੀ ਗਈ ਹੈ।

ਪੁਲਿਸ ਨੇ ਦੱਸਿਆ ਕਿ ਬੈਲਫਾਸਟ ਦੇ ਬਾਹਰੀ ਇਲਾਕੇ ਨਿਊਟਾਊਨਐਬੀ ਵਿੱਚ ਸ਼ਨਿੱਚਰਵਾਰ ਰਾਤ ਨੂੰ ਤਿੰਨ ਕਾਰਾਂ ਨੂੰ ਹਾਈਜੈਕ ਕਰ ਲਿਆ ਗਿਆ ਤੇ ਅੱਗ ਹਵਾਲੇ ਕਰ ਦਿੱਤਾ ਗਿਆ। ਨੌਰਥ ਏਰੀਆ ਕਮਾਂਡਰ ਚੀਫ ਸੁਪਰਡੈਂਟ ਡੈਵੀ ਬੈਂਕ ਨੇ ਆਖਿਆ ਕਿ ਪੁਲਿਸ ਉੱਤੇ ਕੀਤੇ ਗਏ ਹਮਲੇ ਤਹਿਤ ਪੁਲਿਸ



ਅਧਿਕਾਰੀਆਂ ਉੱਤੇ 30 ਪੈਟਰੋਲ ਬੰਬ ਸੁੱਟੇ ਗਏ। ਇੱਕ 47 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਤੇ ਉਸ ਨੂੰ ਪੁਲਿਸ ਹਿਰਾਸਤ ਵਿੱਚ ਹੀ ਰੱਖਿਆ ਗਿਆ ਹੈ। ...ਬਾਕੀ ਪੰਨਾ 3 'ਤੇ

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat
Aaxel InsuranceBrokers Ltd. | 1332 Khalsa Dr, Unit # 11, Mississauga, ON L5S 0A2

# ਟੌਇਟਾ ਦੇ ਦੋ ਪਲਾਂਟਸ ਉੱਤੇ ਵਰਕਰਜ਼ ਦੇ ਕੀਤੇ ਜਾ ਰਹੇ ਹਨ ਕੋਵਿਡ-19 ਟੈਸਟ

ਓਨਟਾਰੀਓ, 4 ਮਾਰਚ (ਪੋਸਟ ਬਿਊਰੋ) : ਟੌਇਟਾ ਕੈਨੇਡਾ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਹੈ ਕਿ ਉਨ੍ਹਾਂ ਦੇ ਇੱਕ ਪਲਾਂਟ ਉੱਤੇ 150 ਦੇ ਨੇੜੇ ਤੇੜੇ ਵਰਕਰਜ਼ ਦੇ ਵਾਇਰਸ ਦੇ ਸੰਪਰਕ ਵਿੱਚ ਆਉਣ ਦਾ ਸ਼ੱਕ ਹੋਣ ਉੱਤੇ ਉਨ੍ਹਾਂ ਵੱਲੋਂ ਹੁਣ ਆਪਣੇ ਵਰਕਰਜ਼ ਦਾ ਕੋਵਿਡ-19 ਟੈਸਟ ਕਰਵਾਇਆ ਜਾ ਰਿਹਾ ਹੈ।

ਟੌਇਟਾ ਦੇ ਇੱਕ ਪਲਾਂਟ ਵਿੱਚ ਕੰਮ ਕਰਨ ਵਾਲੇ ਕਰਮਚਾਰੀ ਨੇ ਦੱਸਿਆ ਕਿ ਪਹਿਲੀ ਅਪਰੈਲ ਨੂੰ ਉਨ੍ਹਾਂ ਨੂੰ ਇੱਕ ਪੱਤਰ ਮਿਲਿਆ ਜਿਸ ਵਿੱਚ ਲਿਖਿਆ ਗਿਆ ਸੀ ਕਿ 25 ਮਾਰਚ ਨੂੰ ਉਨ੍ਹਾਂ ਦੇ ਕਰਮਚਾਰੀ ਵਾਇਰਸ ਦੇ ਸੰਪਰਕ ਵਿੱਚ ਆਏ ਹੋ ਸਕਦੇ ਹਨ ਤੇ ਇਸ ਲਈ ਉਨ੍ਹਾਂ ਨੂੰ ਖੁਦ ਨੂੰ 8 ਅਪਰੈਲ ਤੱਕ ਸੈਲਫ ਆਈਸੋਲੇਟ ਕਰਨ ਲਈ ਆਖਿਆ ਗਿਆ ਸੀ। ਟੌਇਟਾ ਦੇ ਕੈਂਬ੍ਰਿੱਜ ਤੇ




ਵੁੱਡਸਟੌਕ ਪਲਾਂਟਸ ਉੱਤੇ ਕੋਵਿਡ-19 ਟੈਸਟ ਕੀਤੇ ਜਾ ਰਹੇ ਹਨ। ਹਾਲਾਂਕਿ ਟੌਇਟਾ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਹੈ ਕਿ ਭਾਵੇਂ ਟਰਾਂਸਮਿਸ਼ਨ ਦਾ ਖਤਰਾ ਬਹੁਤ ਘੱਟ ਹੈ ਪਰ ਸਾਊਥਵੈਸਟਰਨ ਪਬਲਿਕ ਹੈਲਥ ਵੱਲੋਂ ਭੇਜੇ ਪੱਤਰ ਵਿੱਚ ਇਹ ਆਖਿਆ ਗਿਆ ਹੈ ਕਿ ਉਹ ਕਿਸੇ ਪਾਜ਼ੀਟਿਵ ਦੇ ਸੰਪਰਕ ਵਿੱਚ ਆਏ ਹੋ ਸਕਦੇ ਹਨ। ਇਹ ਵੀ ਆਖਿਆ ਗਿਆ ਕਿ ਸਾਰੇ ਵਰਕਰਜ਼ ਜਲਦੀ ਕੰਮ ਉੱਤੇ ਪਰਤ ਸਕਦੇ ਹਨ ਪਰ ਉਨ੍ਹਾਂ ਨੂੰ ਸਾਰੇ ਨਿਯਮਾਂ ਦਾ ਪਾਲਣ ਕਰਨਾ ਹੋਵੇਗਾ।

ਟੌਇਟਾ ਨੇ ਆਖਿਆ ਕਿ ਉਹ ਪਬਲਿਕ ਹੈਲਥ ਅਧਿਕਾਰੀਆਂ ਨਾਲ ਰਲ ਕੇ ਹਰ ਵਰਕਰ ਦਾ ਕੋਵਿਡ-19 ਟੈਸਟ ਕਰਵਾ ਰਹੇ ਹਨ। ਹੁਣ ਤੱਕ 80 ਫੀ ਸਦੀ ਕਾਮਿਆਂ ਦੇ ਟੈਸਟ ਹੋ ਚੁੱਕੇ ਹਨ ਤੇ ਸਾਰੇ ਹੀ ਨੈਗੇਟਿਵ ਰਹੇ ਹਨ।

Best Insurance Rates
- Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Batth
Aaxel Insurance Brokers Ltd.
Address: 1550 South Gateway Rd. Suite 220 Mississauga, ON L4W 5G6

SOS IMMIGRATION & SETTLEMENT SERVICES
ਸਾਡੇ ਕੋਲ ਤੁਹਾਡੀਆਂ ਸਾਰੀਆਂ ਇਮੀਗ੍ਰੇਸ਼ਨ ਮਾਮਲਿਆਂ ਦਾ ਹੱਲ ਹੈ
- Student Visa / Study Permit
- LMIA / Work permit
- Permanent Residency
- Family Sponsorship
- Nanny
- Visitor Visa
- Business Immigration
Call us for Professional, Reliable & High Quality Services
Rahul Sagar
647-780-2022
120 Woodstream Blvd, Woodbridge, ON, L4L 7Z1
Lic # R534503

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma
Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸ਼ਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਕਰਜ਼ੇ ਦੀ ਸਿਰਦਰਦੀ ?
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
Late Evening and Weekends Appointments Available
1888 864 3131
Jasbir Singh Hundal
Qualified Credit Counsellor
www.MakeMeDebtFree.ca
416-502-3100
Unit #20 - 7015 Tranmere Drive Mississauga, ON L5S 1T7

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA
Insurance Broker
Dir:647-928-4990
# 25-831 Bovaird Dr. W. Brampton, ON L6X0T9 | www.ufsinsurance.com

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Avon Financial Inc. Advice you can bank on.
Brokerage Lic. 12538
Cell: 416-841-4218 Tel: 905-216-5563
Harpreet Singh Goraya
Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

PROTECT YOUR HOME FROM PESTS
Pest Control
100% Success rate for bed bug Treatment
Low Rates/Excellent Pest Control Services
Free Home Inspection Call Today
Ranjit Sidhu
Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com


Royal Pest Control
Residential Commercial Industrial
Specialist in Bedbugs Service
All Pest Control :
- Mouse & Rats
- Spiders & Fleas
- Bedbugs
- Wasps
- Cockroaches
- Carpenter Ants
- Silver Fish
- Racoons
Call : PARESH PATEL
416 938 4598

KELLEY LAW OFFICE
- Immigration
- Real Estate
- Family Law
- Business Closing
- Corporate
- Wills & Estate
- Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley
Barrister, Solicitor & Notary Public
905-362-0755

MANN LAW FIRM
- Real Estate Law
- Business Law
- Wills & Estates
- Family Law
- Power of Attorney
- Civil Litigation
- Affidavits Notarization / Declaration
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9
T: 905 799 9333
www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
Cell: 416 726 6206 Tel: 905 405 0001
NC Dhawan
Certified Instructor


NOW
HIRING
U.S. CROSS BORDER
SINGLES & TEAMS
AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED
Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


NATION-WIDE TALK,
TEXT & DATA PLAN
4.5GB
$40/mo.
chatr
AUTHORIZED DEALER
379 Main St. North, Brampton | 905-451-0379
2456 Lake shore Blvd West, Etobicoke | 416-259-3654
Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2021

# ਆਰੇਂਜ ਦੇ ਸੀਈਓ ਡਾ· ਟਿਏਨ ਕਰਨਗੇ ਵੈਕਸੀਨ ਟਾਸਕ ਫੋਰਸ ਦੀ ਅਗਵਾਈ

...ਪੰਨਾ 1 ਦਾ ਬਾਕੀ

ਇੱਕ ਬਿਆਨ ਜਾਰੀ ਕਰਕੇ ਸੌਲੀਸਿਟਰ ਜਨਰਲ ਸਿਲਵੀਆ ਜੋਨਜ਼ ਦੇ ਬੁਲਾਰੇ ਸਟੀਫਨ ਵਾਰਨਰ ਨੇ ਆਖਿਆ ਕਿ ਹੁਣ ਇਹ ਟਰੌਮਾ ਸਰਜਨ ਕੋਵਿਡ-19 ਵੈਕਸੀਨ ਡਿਸਟ੍ਰਿਬਿਊਸ਼ਨ ਟਾਸਕ ਫੋਰਸ ਦੇ ਹੈੱਡ ਦੀ ਜ਼ਿੰਮੇਵਾਰੀ ਨਿਭਾਉਣਗੇ। ਉਨ੍ਹਾਂ ਇਹ ਵੀ ਆਖਿਆ ਕਿ ਪ੍ਰੋਵਿੰਸ ਵਿੱਚ ਵੈਕਸੀਨ ਦੀ ਵੰਡ ਦਾ ਦੂਜਾ ਪੜਾਅ ਸ਼ੁਰੂ ਹੋ ਗਿਆ ਹੈ।

ਜਦੋਂ ਤੋਂ ਇਹ ਟਾਸਕ ਫੋਰਸ ਕਾਇਮ ਹੋਈ ਹੈ ਡਾ· ਟਿਏਨ ਇਸ ਟਾਸਕ ਫੋਰਸ ਦਾ ਹਿੱਸਾ ਰਹੇ ਹਨ। ਇਸ ਟਾਸਕ ਫੋਰਸ ਰਾਹੀਂ ਹੀ ਉੱਤਰੀ ਓਨਟਾਰੀਓ ਤੇ ਮੂਸੋਨੀ ਦੀਆਂ 31 ਦੂਰ ਦਰਾਜ ਦੀਆਂ ਫਰਸਟ ਨੇਸ਼ਨ ਕਮਿਊਨਿਟੀਜ਼ ਤੱਕ ਵੈਕਸੀਨ ਦੀ ਵੰਡ ਕੀਤੀ ਗਈ। ਡਾ· ਟਿਏਨ ਦਾ ਕਾਰ-ਜਕਾਲ ਪਹਿਲੀ ਅਪਰੈਲ ਤੋਂ ਸ਼ੁਰੂ ਹੋਵੇਗਾ ਤੇ 31 ਅਗਸਤ ਨੂੰ ਮੁੱਕੇਗਾ।

# ਹਿੰਸਕ ਵਾਰਦਾਤਾਂ ਤੋਂ ਬਾਅਦ ਉੱਤਰੀ ਆਇਰਲੈਂਡ ਦੀ ਪੁਲਿਸ ਨੇ ਕੀਤੀ ਸ਼ਾਂਤੀ ਦੀ ਅਪੀਲ

...ਪੰਨਾ 1 ਦਾ ਬਾਕੀ

ਸ਼ੁੱਕਰਵਾਰ ਰਾਤ ਨੂੰ ਬੈਲਫਾਸਟ ਤੇ ਲੰਡਨਡੈਰੀ ਵਿੱਚ ਹੋਏ ਦੰਗਿਆਂ ਦੌਰਾਨ 27 ਪੁਲਿਸ ਅਧਿਕਾਰੀ ਜ਼ਖ਼ਮੀ ਹੋ ਗਏ ਤੇ ਅੱਠ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਪੁਲਿਸ ਨੇ ਦੱਸਿਆ ਕਿ ਕਈ ਲੋਕਾਂ ਨੇ ਉਨ੍ਹਾਂ ਉੱਤੇ ਪੱਥਰ, ਬੋਤਲਾਂ ਤੇ ਪਟਾਕੇ ਵੀ ਸੁੱਟੇ। ਇਸ ਦੌਰਾਨ ਦ ਪੁਲਿਸ ਫੈਡਰੇਸ਼ਨ ਫੌਰ ਨੌਰਦਰਨ ਆਇਰਲੈਂਡ ਵੱਲੋ ਹਿੰਸਾ ਨੂੰ ਖਤਮ ਕਰਨ ਦਾ ਸੱਦਾ ਦਿੱਤਾ ਗਿਆ ਤੇ ਇਹ ਵੀ ਆਖਿਆ ਗਿਆ ਕਿ ਆਪਣੀਆਂ ਹੀ ਕਮਿਊਨਿਟੀਜ਼ ਨੂੰ ਨੁਕਸਾਨ ਪਹੁੰਚਾਉਣ ਨਾਲ ਵਿਰੋਧ ਦਾ ਕੋਈ ਤਰੀਕਾ ਤਾਂ ਨਹੀਂ।

ਇਹ ਤਣਾਅ ਇਸ ਲਈ ਪੈਦਾ ਹੋਇਆ ਕਿਉਂਕਿ ਉੱਤਰੀ ਆਇਰਲੈਂਡ ਵਿਧਾਨਸਭਾ ਦੇ ਕੁੱਝ ਮੈਂਬਰਾਂ ਵੱਲੋਂ ਆਈਰਿਸ਼ ਰਿਪਬਲਿਕਨ ਸਿੰਨ ਫੇਨ ਪਾਰਟੀ ਦੇ ਉਨ੍ਹਾਂ ਦੋ ਦਰਜਨ ਸਿਆਸਤਦਾਨਾਂ ਨੂੰ ਸੈਂਸਰ ਕਰਨ ਦੀ ਮੰਗ ਕੀਤੀ ਗਈ ਜਿਨ੍ਹਾਂ ਨੇ ਆਈਰਿਸ਼ ਰਿਪਬਲਿਕਨ ਆਰਮੀ ਦੇ ਸਾਬਕਾ ਹੈੱਡ ਆਫ ਇੰਟੈਲੀਜੈਂਸ ਬੌਬੀ ਸਟੋਰੀ ਦੀਆਂ ਜੂਨ ਵਿੱਚ ਨਿਭਾਈਆਂ ਗਈਆਂ ਅੰਤਿਮ ਰਸਮਾਂ ਵਿੱਚ ਹਿੱਸਾ ਲਿਆ ਸੀ।

## ਮੇਲੇ ਵਿੱਚ ਟੈਟੂ ਬਣਵਾ ਰਹੇ ਨੌਜਵਾਨ ਦੀ ਹੱਤਿਆ

ਬੁਢਲਾਡਾ, 4 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ਹਿਰ ਤੋਂ ਪੰਜ ਕਿਲੋਮੀਟਰ ਦੂਰ ਪਿੰਡ ਕੁਲਾਨਾ ਵਿਖੇ ਮਾਤਾ ਸ਼ੀਤਲਾ ਦੇ ਮੇਲੇ ਵਿੱਚ ਆਪਣੇ ਸਰੀਰ ਉੱਤੇ ਟੈਟੂ ਬਣਵਾ ਰਹੇ ਇੱਕ ਨੌਜਵਾਨ ਉੱਤੇ ਕੁਝ ਅਣਪਛਾਤੇ ਲੋਕਾਂ ਨੇ ਤੇਜ਼ਧਾਰ ਹਥਿਆਰਾਂ ਨਾਲ ਹਮਲਾ ਕਰ ਕੇ ਉਸ ਦਾ ਕਤਲ ਕਰ ਦਿਤਾ ਹੈ। ਪੁਲਸ ਨੇ ਵਾਰਦਾਤ ਕਰਨ ਵਾਲੇ ਅਣਪਛਾਤੇ ਹਮਲਾਵਰਾਂ ਖਿਲਾਫ ਹੱਤਿਆ ਦਾ ਮਾਮਲਾ ਦਰਜ ਕਰ ਕੇ ਉਨ੍ਹਾਂ ਦੀ ਤਲਾਸ਼ ਸ਼ੁਰੂ ਕਰ ਦਿੱਤੀ ਹੈ। ਮਿਲੀ ਜਾਣਕਾਰੀ ਅਨੁਸਾਰ ਸ਼ਹਿਰ ਦੇ ਵਾਰਡ ਨੰਬਰ ਛੇ ਵਾਸੀ ਨੌਜਵਾਨ ਸ਼ੰਮੀ ਉਰਫ ਨਾਨਕੇ (21) ਪਿੰਡ ਕੁਲਾਨਾ ਦੇ ਮੇਲੇ ਵਿੱਚ ਲੱਗੀ ਦੁਕਾਨ ਤੋਂ ਟੈਟੂ ਬਣਵਾ ਰਿਹਾ ਸੀ ਕਿ ਪਿੱਛੋਂ ਆਏ ਤਿੰਨ-ਚਾਰ ਅਣਪਛਾਤੇ ਲੋਕਾਂ ਨੇ ਚਾਕੂ ਮਾਰ ਕੇ ਉਸ ਨੂੰ ਗੰਭੀਰ ਜ਼ਖਮੀ ਕਰ ਦਿੱਤਾ। ਉਸ ਨੂੰ ਉਸ ਦਾ ਗੁਆਂਢੀ ਤੇ ਇੱਕ ਹੋਰ ਆਦਮੀ ਇਲਾਜ ਲਈ ਸਿਵਲ ਹਸਪਤਾਲ ਬੁਢਲਾਡਾ ਲੈ ਆਏ, ਪਰ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਕਰਾਰ ਦੇ ਦਿੱਤਾ।

## ਫਿਰ ਗਰਜਿਆ ਨਵਜੋਤ ਸਿੱਧੂ

# ਕੇਂਦਰ ਸਰਕਾਰ ਦੇ ਸਿੱਧੀ ਅਦਾਇਗੀ ਦੇ ਫੈਸਲੇ ਨੂੰ ਕਿਸਾਨਾਂ ਦੇ ਖਿਲਾਫ ਵੱਡੀ ਸਾਜ਼ਿਸ਼ ਆਖਿਆ

ਪਟਿਆਲਾ, 4 ਅਪਰੈਲ, (ਪੋਸਟ ਬਿਊਰੋ)- ਕਾਂਗਰਸ ਪਾਰਟੀ ਦੇ ਆਗੂ ਅਤੇ ਪੰਜਾਬ ਦੇ ਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੰਘ ਸਿੱਧੂ ਨੇ ਕਿਸਾਨਾਂ ਨੂੰ ਫਸਲਾਂ ਦੀ ਸਿੱਧੀ ਅਦਾਇਗੀ ਦੇਣ ਦੇ ਫੈਸਲੇ ਨੂੰ ਕਿਸਾਨਾਂ ਦੇ ਖਿਲਾਫ ਨਰਿੰਦਰ ਮੋਦੀ ਸਰਕਾਰ ਦੀ ਵੱਡੀ ਸਾਜਿਸ਼ ਕਰਾਰ ਦਿੱਤਾ ਅਤੇ ਕਈ ਹੋਰ ਦੋਸ਼ ਲਾਏ ਹਨ।

ਅੱਜ ਪਟਿਆਲਾਵਿੱਚ ਪੱਤਰਕਾਰਾਂ ਨਾਲ ਗੱਲਬਾਤਦੌਰਾਨ ਨਵਜੋਤ ਸਿੰਘਸਿੱਧੂ ਨੇ ਕਿਹਾ ਕਿ ਕੇਂਦਰ ਸਰਕਾਰ ਦਾ ਇਕੋ-ਇਕ ਮਕਸਦ ਪੰਜਾਬ ਦੀ ਖੇਤੀ, ਕਿਸਾਨਾਂ ਤੇ ਰੁਜ਼ਗਾਰ ਨੂੰ ਤਬਾਹ ਕਰਨਾ ਹੈ। ਉਨ੍ਹਾਂ ਕਿਹਾ ਕਿਪੰਜਾਬ ਦੇ ਖਿਲਾਫ ਬਹੁਤ ਵੱਡੀ ਸਾਜ਼ਿਸ਼ ਰਚੀ ਜਾ ਰਹੀ ਹੈ। ਸਿੱਧੂ ਨੇ ਕਿਹਾ ਕਿ ਕਿਸਾਨ ਨੂੰ ਫ਼ਸਲ ਪੈਦਾ ਕਰਨ ਤੋਂ ਪਹਿਲਾਂ ਜਦੋਂ ਪੈਸਿਆਂ ਦੀ ਲੋੜ ਹੁੰਦੀ ਹੈ ਤਾਂ ਇਹ ਪੈਸੇ ਉਹ ਆੜ੍ਹਤੀਆਂ ਤੋਂ ਲੈਂਦਾ ਤੇ ਫਸਲ ਆਈ ਤੋਂ ਮੋੜਦਾ ਹੈ। ਉਨ੍ਹਾਂ ਨੇ ਕਿਹਾ ਕਿ ਜਿਹੜਾ ਸਿਸਟਮ ਕਈ ਦਹਾਕਿਆਂ ਤੋਂ ਚੱਲ ਰਿਹਾ ਹੈ, ਉਸ ਨੂੰ ਤੋੜਨ ਲਈ ਕੇਂਦਰ ਸਰਕਾਰ ਸਾਜਿਸ਼ਾਂ ਰਚ ਰਹੀ ਹੈ।

ਨਵਜੋਤ ਸਿੰਘ ਸਿੱਧੂ ਨੇ ਕਿਹਾ ਕਿ ਕੇਂਦਰੀ ਵਪਾਰ ਮੰਤਰੀ ਪਿਊਸ਼ ਗੋਇਲ ਝੂਠਾ ਹੈ, ਇਸ ਮੰਤਰੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੂੰ ਲਿਖੀ ਐੱਮ ਐੱਸ ਪੀ (ਫਸਲਾਂ ਦੀ ਘੱਟੋ-ਘੱਟ ਖਰੀਦ ਕੀਮਤ) ਦੇ ਪੈਸੇ ਦੀ ਆਨਲਾਈਨ ਅਦਾਇਗੀ ਬਾਰੇ ਚਿੱਠੀ ਨੂੰ



ਲਾਗੂ ਕੀਤਾ ਤਾਂ ਸਭ ਤੋਂ ਵੱਧ ਨੁਕਸਾਨ ਛੋਟੇ ਕਿਸਾਨਦਾ ਹੋਣਾ ਹੈ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਇਕ ਸਾਜ਼ਿਸ਼ ਹੇਠ ਪੰਜਾਬ ਦੇ ਕਿਸਾਨਾਂ ਅਤੇ ਆੜ੍ਹਤੀਆਂ ਨੂੰ ਪੰਜਾਬ ਸਰਕਾਰ ਵਿਰੁੱਧ ਖੜਾ ਕਰ ਕੇ ਇਸ ਰਾਜ ਦਾ ਮਾਹੌਲ ਖਰਾਬ ਕਰਨਾ ਚਾਹੁੰਦੀ ਹੈ। ਉਨ੍ਹਾਂ ਕਿਹਾ ਕਿ ਭਾਜਪਾ ਦੀ ਕੇਂਦਰ ਸਰਕਾਰ ਜਾਣ-ਬੁੱਝ ਕੇ ਕਿਸਾਨਾਂ ਨੂੰ ਭੜਕਾਉਣ ਦਾ ਮਾਹੌਲ ਬਣਾਉਣ ਲਈ ਲਗਾਤਾਰ ਉਨ੍ਹਾਂ ਉੱਤੇ ਦਬਾਅ ਵਧਾ ਰਹੀ ਹੈ। ਸਿੱਧੂ ਨੇ ਕਿਹਾ ਕਿ ਮੌਕਾ ਆ ਗਿਆ ਹੈ ਕਿ ਪੰਜਾਬ ਸਰਕਾਰ ਤੇ ਸਾਰੇ ਕਿਸਾਨ ਇਕੱਠੇ ਹੋ ਕੇ ਇਕ ਆਰਥਿਕ ਮਾਡਲ ਬਣ ਕੇ ਸੰਸਾਰਸਾਹਮਣੇ ਆਉਣ ਤੇ ਕੇਂਦਰ ਸਰਕਾਰ ਨੂੰ ਕਰਾਰਾ ਜਵਾਬ ਦੇਣ। ਉਨ੍ਹਾ ਕਿਹਾ ਕਿ ਕੇਂਦਰ ਸਰਕਾਰ ਦੀ ਨੀਤੀ ਦੇ ਨਾਲ ਭਾਜਪਾ 'ਇਕ ਦੇਸ਼, ਇਕ ਬਾਜ਼ਾਰ' ਨਹੀਂ ਬਣਾ ਰਹੀ, ਸਗੋਂ ਇੱਕੋ ਦੇਸ਼ ਵਿਚ ਦੋ ਬਾਜ਼ਾਰ ਖੜੇ ਕਰ ਕੇ ਆਰਥਿਕ ਤਾਣਾ-ਬਾਣਾ ਉਲਝਾ ਰਹੀ ਹੈ, ਜਿਸ ਹੇਠ ਸਿਰਫ ਅੰਬਾਨੀ-ਅਡਾਨੀ ਵਰਗਿਆਂ ਦਾ ਮੁਨਾਫ਼ਾ ਵਧਾਉਣ ਲਈ ਇਹ ਸਭਸਾਜ਼ਿਸ਼ਾਂ ਕਰ ਕੇ ਕਿਸਾਨਾਂ ਦਾ ਸ਼ਾਂਤਮਈ ਰੋਸ ਪ੍ਰਦਰਸ਼ਨ ਖ਼ਤਮ ਕਰਨ ਦੀਆਂ ਵਿਉਂਤਾਂ ਘੜੀਆਂ ਜਾ ਰਹੀਆਂ ਹਨ।

# ਬਾਦਲ ਪਰਿਵਾਰ ਉੱਤੇ ਵਰ੍ਹਦੇ ਹੋਏ ਢੀਂਡਸਾ ਨੇ ਕਿਹਾ: ਜਦੋਂ ਤਕ ਜਿੰਦਾ ਹਾਂ, ਸਮਝੌਤਾ ਨਹੀਂ ਕਰਾਂਗਾ

ਸੰਗਰੂਰ, 4 ਅਪਰੈਲ, (ਪੋਸਟ ਬਿਊਰੋ)-ਅੱਜ ਏਥੇ ਕਿਸਾਨ ਸੰਘਰਸ਼ ਦੀ ਸਫ਼ਲਤਾ ਲਈ ਕੀਤੀ ਅਰਦਾਸ ਪਿੱਛੋਂ ਬਹੁਤ ਵੱਡੇ ਇਕੱਠ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ (ਡੈਮੋਕਰੇਟਿਕ) ਦੇ ਪ੍ਰਧਾਨ ਸੁਖਦੇਵ ਸਿੰਘ ਢੀਂਡਸਾ ਨੇ ਪੰਜਾਬ ਅਤੇ ਪੰਥ ਦੇ ਹਿਤੈਸ਼ੀਆਂ ਨੂੰ ਸਾਂਝੇ ਹਿੱਤਾਂ ਲਈ ਸਾਂਝਾ ਮੁਹਾਜ਼ ਉਸਾਰਨ ਦਾ ਸੱਦਾ ਦਿੱਤਾ ਹੈ।

ਅਕਾਲੀ ਦਲ ਡੈਮੋਕ੍ਰੇਟਿਕ ਦੇ ਨਵੇਂ ਬਣਾਏਜ਼ਿਲਾ ਪ੍ਰਧਾਨ ਜਥੇਦਾਰ ਗੁਰ-ਬਚਨ ਸਿੰਘ ਬੱਚੀ ਦੀ ਪ੍ਰਧਾਨਗੀ ਹੇਠ ਹੋ ਰਹੀ ਪਹਿਲੀ ਕਾਨਫਰੰਸ, ਜਿਸਵਿੱਚਪਾਰਟੀ ਵਰਕਰ ਰਿਕਾਰਡਤੋੜ ਗਿਣਤੀ ਵਿਚ ਆਏ, ਵਿੱਚ ਬੋਲਦੇ ਹੋਏ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਪਹਿਲਾਂ ਕੋਰੋਨਾ ਵਾਇਰਸ ਅਤੇ ਫਿਰ ਤਿੰਨ ਕਾਲੇ ਖੇਤੀ ਕਾਨੂੰਨਾਂ ਖਿਲਾਫ਼ ਸ਼ੁਰੂ ਹੋਏ ਅੰਦੋਲਨ ਲਈ ਕਿਸਾਨੀ ਝੰਡੇ ਹੇਠ ਡੱਟਵਾਂ ਸਹਿਯੋਗ ਦੇਣ ਕਰਕੇ ਅਸੀਂ ਪਾਰਟੀ ਦੀਆਂ ਸਰਗਰਮੀਆਂ ਰੋਕ ਦਿੱਤੀਆਂ ਸਨ। ਫਿਰ ਵੀ ਸਿੱਖ ਜਗਤ ਦੇ ਮਨਾਂ ਵਿੱਚ ਅਕਾਲੀ ਵਿਚਾਰਧਾਰਾ ਹੇਠ ਅਕਾਲੀ ਦਲ ਡੈਮੋਕਰੇਟਿਕ ਨਾਲ ਵੱਖ-ਵੱਖ ਵਰਗਾਂ ਦੇ ਲੋਕ ਜੁੜਦੇ ਰਹੇ। ਉਨ੍ਹਾਂ ਕਿਹਾ ਕਿ ਬਾਦਲ ਪਰਿਵਾਰ ਦੀ ਅਗਵਾਈ ਵਾਲੇ ਅਕਾਲੀ ਦਲ ਨੂੰ ਸਾਰੇ ਦੇਸ਼ ਵਿੱਚ ਰੋਹ ਤੇ ਰੋਸ ਦੀ ਨਜ਼ਰ ਨਾਲ ਦੇਖਿਆ ਜਾ ਰਿਹਾ ਹੈ, ਕਿਉਂਕਿ ਇਸ ਪਰਿਵਾਰ ਨੇ ਪੰਥ ਤੇ ਪੰਜਾਬ ਨਾਲ ਵੱਡਾ ਧ੍ਰੋਹ ਕੀਤਾ ਤੇ ਪੰਥਕ ਏਜੰਡੇ ਤੋਂ ਪਾਸਾ ਵੱਟ ਕੇ ਸੁਖਬੀਰ ਸਿੰਘ ਬਾਦਲ ਨੇ ਕੌਮ ਦੀ ਜ਼ਬਰਦਸਤ ਤਾਕਤ ਬੇਹੱਦ ਕਮਜ਼ੋਰ ਕਰ ਦਿੱਤੀ ਹੈ।

ਇਸ ਮੌਕੇ ਸੁਖਦੇਵ ਸਿੰਘ ਢੀਂਡਸਾ ਨੇ ਜੋਸ਼ ਨਾਲ ਕਿਹਾ ਕਿ ਉਹ ਸੰਗਤ ਨਾਲ ਵਾਅਦਾ ਕਰਦੇ ਹਨ ਕਿ 'ਜਦੋਂ ਤੱਕ ਜ਼ਿੰਦਾ ਹਾਂ, ਬਾਦਲਾਂ ਨਾਲ ਕੋਈ ਸਮਝੌਤਾ ਨਹੀਂ ਕਰਾਂਗਾ।' ਕਾਂਗਰਸ ਦੀ ਅਲੋਚ-ਨਾ ਕਰਦੇ ਹੋਏ ਬਜ਼ੁਰਗ ਅਕਾਲੀ ਲੀਡਰ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਅਗਵਾਈ ਹੇਠ ਪੰਜਾਬ ਸਰਕਾਰਦੀ



ਕਾਰਗੁਜ਼ਾਰੀ ਫੇਲ੍ਹ ਸਾਬਤ ਹੋਈ ਹੈ, ਜਿਸ ਕਾਰਨ ਇਸ ਰਾਜ ਦਾ ਹਰ ਵਰਗ ਸੜਕਾਂ ਉੱਤੇ ਹੈ। ਉਨ੍ਹਾਂ ਕਿਹਾ ਕਿ ਪੰਜਾਬ ਵਿੱਚ ਭ੍ਰਿਸ਼ਟਾਚਾਰ, ਮਹਿਗਾਈ, ਬੇਰੁਜਗਾਰੀ, ਕੁਸ਼ਾਸਨ ਤੇ ਬੇਇਨਸਾਫ਼ੀ ਵਧੀ ਹੈ। ਕੈਪਟਨ ਅਮਰਿੰਦਰ ਸਿੰਘ ਤੇ ਬਾਦਲ ਪਰਿਵਾਰ ਦੀ ਸਾਂਝ ਬਾਰੇ ਢੀਂਡਸਾ ਨੇ ਕਿਹਾ ਬਾਦਲਾਂ ਦੀ ਟਰਾਂਸਪੋਰਟ ਜਿਉਂ ਦੀ ਤਿਉਂ ਹੈ, ਕੇਬਲ ਮਾਫੀਆ, ਰੇਤ ਮਾਫੀਆ ਅਤੇ ਹੋਰ ਭ੍ਰਿਸ਼ਟ ਘਪਲੇ ਚੱਲੀ ਜਾਂਦੇ ਹਨ ਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੀਆਂ ਘਟਨਾਵਾਂ ਦੇ ਅਸਲ ਦੋਸ਼ੀਆਂ ਨੂੰ ਅਜੇ ਛੋਹਿਆ ਨਹੀਂ ਗਿਆ। ਕਿਸਾਨ ਸੰਘਰਸ਼ ਦੀ ਹਮਾਇਤ ਲਈ ਪਦਮ ਵਿਭੂਸ਼ਨ ਐਵਾਰਡ ਮੋੜਨ ਵਾਲੇ ਸੁਖਦੇਵ ਸਿੰਘ ਢੀਂਡਸਾ ਨੇ ਖੇਤੀ ਕਾਨੂੰਨਾਂ ਬਾਰੇ ਕਿਹਾ ਕਿ ਇਨ੍ਹਾਂ ਕਾਨੂੰਨਾਂ ਵਿਚ ਬੁਨਿਆਦੀ ਖਾਮੀਆਂ ਦੇ ਬਾਵਜੂਦ ਭਾਜਪਾਗਲਤੀ ਮੰਨਣਨੂੰ ਤਿਆਰ ਨਹੀਂ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਦੇ ਰੋਹ ਅੱਗੇ ਕੇਂਦਰ ਸਰਕਾਰ ਨੂੰ ਝੁਕਣਾ ਹੀ ਪਵੇਗਾ।

ਰੈਲੀ ਵਿੱਚ ਬੋਲਦੇ ਹੋਏ ਸਾਬਕਾ ਮੰਤਰੀ ਤੇ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ ਨੇ ਕੈਪਟਨ ਅਮਰਿੰਦਰ ਸਿੰਘ ਅਤੇ ਸੁਖਬੀਰ ਸਿੰਘ ਬਾਦਲ ਉੱਤੇ ਝੂਠ ਦੀ ਰਾਜਨੀਤੀ ਕਰਨ ਦਾ ਦੋਸ਼ ਲਾਇਆ ਅਤੇ ਕਿਹਾ ਕਿ ਮਾਅਰਕੇਬਾਜ਼ੀ ਵਾਲੀਆਂ ਤਕਰੀਰਾਂ ਨੂੰ ਲੋਕ ਜਾਣ ਚੁੱਕੇ ਹਨ ਤੇਆਮ ਜਨਤਾ ਦੀਗੱਲਬਾਤਾਂ ਤੋਂ ਪਤਾ ਲੱਗ ਜਾਂਦਾ ਹੈ ਕਿ ਹਵਾ ਦਾ ਰੁੱਖ ਕੈਪਟਨ ਤੇ ਬਾਦਲਾਂ ਦੇ ਖਿਲਾਫ਼ ਹੈ ਅਤੇ ਲੋਕ ਇਸ ਵਕਤ ਸੰਘਰਸ਼ ਦੇ ਮੈਦਾਨ ਵਿਚ ਕਿਸਾਨਾਂ ਦੇ ਨਾਲ ਹਨ।

# ਮੋਦੀ ਸਰਕਾਰ ਦੇ ਨਵੇਂ ਲੇਬਰ ਐਕਟ ਦੇ ਵਿਰੁੱਧ ਵੀ ਸੰਘਰਸ਼ ਭਖਿਆ



ਲੁਧਿਆਣਾ, 4 ਅਪਰੈਲ, (ਪੋਸਟ ਬਿਊਰੋ)-ਜਦੋਂ ਸਾਰੇ ਦੇਸ਼ ਦੇ ਕਿਸਾਨ ਭਾਰਤ ਦੀ ਨਰਿੰਦਰ ਮੋਦੀ ਸਰਕਾਰ ਦੇ ਬਣਾਏ ਤਿੰਨ ਨਵੇਂ ਖੇਤੀ ਕਾਨੂੰਨਾਂ ਦੇ ਖਿਲਾਫਦਿੱਲੀ ਦੀਆਂ ਹੱਦਾਂ ਤੋਂ ਅੰਦੋਲਨ ਕਰ ਰਹੇ ਹਨ, ਓਦੋਂ ਮੋਦੀ ਸਰਕਾਰ ਦੇ ਨਵੇਂ ਲੇਬਰ ਐਕਟ ਦੇ ਵਿਰੁੱਧ ਮਜ਼ਦੂਰਾਂ ਨੇ ਵੀ ਸੰਘਰਸ਼ ਦਾ ਐਲਾਨ ਕਰ ਦਿੱਤਾ ਹੈ। ਇਸ ਲਈ ਅੱਜ ਪੰਜਾਬ ਭਰ ਦੇ ਮਜ਼ਦੂਰਏਥੇ ਲੁਧਿਆਣਾ ਵਿੱਚ ਇਕੱਠੇ ਹੋਏ ਅਤੇ ਕੇਂਦਰ ਤੇ ਪੰਜਾਬ ਸਰਕਾਰ ਦੇ ਖਿਲਾਫ ਜ਼ੋਰਦਾਰ ਪ੍ਰਦਰਸ਼ਨ ਕੀਤਾ।

ਅੱਜ ਦੇ ਪ੍ਰਦਰਸ਼ਨ ਵਿਚ ਪੰਜਾਬ ਭਰ ਦੀਆਂਮਜ਼ਦੂਰ ਯੂਨੀਅਨ ਸ਼ਾਮਲ ਹੋਈਆਂ ਤੇ ਮਜ਼ਦੂਰ ਆਗੂਆਂ ਨੇ ਕੇਂਦਰ ਸਰਕਾਰ ਬਾਰੇ ਕਿਹਾ ਕਿ ਜਦੋਂ ਇਹ ਸਰਕਾਰ ਨਵੇਂ ਖੇਤੀ ਕਾਨੂੰਨਾਂ ਨਾਲ ਕਿਸਾਨੀ ਨੂੰ ਕਾਰਪੋਰੇਟ ਘਰਾਣਿਆਂ ਦੇ ਹੱਥਾਂ ਵਿੱਚ ਦੇਣ ਦੀ ਕੋਸ਼ਿਸ਼ ਕਰ ਰਹੀ ਹੈ, ਓਦੋਂਮਜ਼ਦੂਰਾਂ ਦੇ ਹੱਕਾਂ ਦੇ ਸਾਰੇ ਕਾਨੂੰਨਾਂ ਨੂੰਵੀ ਬਦਲ ਕੇ ਉਨ੍ਹਾਂ ਦਾ ਭਵਿੱਖ ਕਾਰ-ਪੋਰੇਟ ਘਰਾਣਿਆਂ ਦੇ ਹੱਥ ਦੇਣਾ ਚਾਹੁੰਦੀ ਹੈ, ਜਿਸ ਨੂੰ ਕਦੇ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਦੌਰਾਨ ਉਨ੍ਹਾਂ ਨੇ ਚਿਤਾਵਨੀ ਦਿੱਤੀ ਕਿ ਸਰਕਾਰ ਮਜ਼ਦੂਰਾਂ ਦੇ ਹਿੱਤ ਦੇ ਕਾਨੂੰਨਾਂ ਵਿੱਚਕੀਤੇਬਦਲਾਓਰੱਦ ਕਰੇ। ਇਨ੍ਹਾਂ ਦੇ ਨਾਲ ਨਵੇਂ ਖੇਤੀ ਕਾਨੂੰਨ ਵੀ ਰੱਦ ਕਰਨ ਦੀ ਮੰਗ ਕੀਤੀ ਗਈ। ਮਜ਼ਦੂਰ ਆਗੂਆਂ ਨੇ ਕਿਹਾ ਕਿ ਜੇ ਸਰਕਾਰ ਨੇ ਏਦਾਂ ਨਾ ਕੀਤਾ ਤਾਂ ਅਗਲੇ ਸਮੇਂ ਵਿਚ ਕਿਸਾਨ ਅਤੇ ਮਜ਼ਦੂਰ ਮਿਲ ਕੇ ਕੇਂਦਰ ਸਰਕਾਰ ਦੇ ਖਿਲਾਫ ਸੰਘਰਸ਼ ਕਰਨਗੇ।ਮਜ਼ਦੂਰ ਆਗੂਆਂ ਨੇ ਪੰਜਾਬ ਸਰਕਾਰ ਨੂੰ ਵੀ ਕਿਹਾ ਕਿ ਕੇਂਦਰ ਸਰਕਾਰ ਦੇ ਨਵੇਂ ਮਜ਼ਦੂਰ ਕਾਨੂੰਨਾਂ ਦੇ ਖ਼ਿਲਾਫ਼ ਵਿਧਾਨ ਸਭਾ ਵਿੱਚ ਮਤਾ ਪਾਸ ਕਰੇ।

# ਸੁਖਬੀਰ ਸਿੰਘ ਬਾਦਲ ਵੱਲੋਂ ਦੋਸ਼: ਕਾਂਗਰਸ ਦੀ ਅਮਰਿੰਦਰ ਸਰਕਾਰ ਵਿੱਚ ਵਿਧਾਇਕ ਅਮੀਰ ਅਤੇ ਲੋਕ ਗ਼ਰੀਬ ਹੋਏ

* ਡੇਰਾ ਬੱਸੀ ਤੋਂ ਸ਼ਰਮਾ ਨੂੰ ਫਿਰ ਉਮੀਦਵਾਰ ਐਲਾਨਿਆ

ਜ਼ੀਰਕਪੁਰ, 4 ਅਪਰੈਲ, (ਪੋਸਟ ਬਿਊਰੋ)-ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਿਚ 'ਪੰਜਾਬ ਮੰਗਦਾ ਜਵਾਬ' ਰੈਲੀਆਂ ਦੀ ਮੁਹਿੰਮ ਹੇਠ ਅੱਜ ਐਤਵਾਰ ਨੂੰ ਡੇਰਾਬੱਸੀ ਵਿਧਾਨ ਸਭਾ ਹਲਕਾ ਵਿਚ ਵਿਧਾਇਕ ਐੱਨ ਕੇ ਸ਼ਰਮਾ ਦੀ ਅਗਵਾਈ ਹੇਠ ਕੀਤੀ ਰੈਲੀ ਵਿੱਚ ਪਾਰਟੀਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਕਿਹਾ, 'ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਚਹੇਤੇ ਮੰਤਰੀਆਂ ਤੇ ਵਿਧਾਇਕਾਂ ਨੂੰ ਲੁੱਟਣ ਦੀ ਛੁੱਟੀ ਦਿੱਤੀ ਹੋਈ ਹੈ। ਉਸ ਦੇ ਮੰਤਰੀ ਤੇ ਵਿਧਾਇਕ ਰੇਤ ਮਾਫੀਆ, ਸ਼ਰਾਬ ਮਾਫੀਆ ਅਤੇ ਗੈਂਗਸਟਰਾਂ ਰਾਹੀਂ ਲੁੱਟ ਮਚਾ ਕੇ ਅਮੀਰ ਹੋ ਰਹੇ ਹਨ, ਜਦਕਿ ਕੋਰੋਨਾ ਦੀ ਮਹਾਂਮਾਰੀ ਦੌਰਾਨ ਲੋਕਾਂ ਦਾ ਰੁਜ਼ਗਾਰ ਵੀ ਖ਼ਤਮ ਹੋ ਗਿਆ ਹੈ।'



ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਚਾਰ ਸਾਲਾ ਰਾਜ ਦੌਰਾਨ ਸਿਰਫ 11 ਵਾਰ ਆਪਣੇ ਦਫ਼ਤਰ ਗਏ ਹਨ, ਜਿਹੜੇਮੁੱਖ ਮੰਤਰੀ ਨੂੰ ਕੰਮ ਨਾਲ ਪਿਆਰ ਨਹੀਂ, ਉਹ ਪੰਜਾਬ ਦੇ ਵਿਕਾਸ ਬਾਰੇ ਕਿੰਨਾ ਗੰਭੀਰ ਹੋ ਸਕਦਾ ਹੈ? ਇਸ ਮੌਕੇ ਉਨ੍ਹਾਂ ਨੇ ਮੌਜੂਦਾ ਵਿਧਾਇਕ ਐੱਨ ਕੇ ਸ਼ਰਮਾ ਨੂੰ ਇੱਕ ਵਾਰ ਫਿਰ ਅਗਲੀ ਚੋਣ ਲਈ ਉਮੀਦਵਾਰ ਵਜੋਂ ਪੇਸ਼ ਕਰਦਿਆਂ ਕਿਹਾ ਕਿ ਸ਼ਰਮਾ ਹੀ ਇਸ ਹਲਕੇ ਦਾ ਵਿਕਾਸ ਕਰ ਸਕਦੇ ਹਨ।

ਵਿਧਾਇਕ ਐੱਨਕੇ ਸ਼ਰਮਾ ਨੇ ਰੈਲੀ ਵਿੱਚ ਬੋਲਦਿਆਂ ਕਿਹਾ ਕਿ ਮੈਂ ਜੋ ਕੁਝ ਹਾਂ, ਲੋਕਾਂ ਦੇ ਅਸ਼ੀਰਵਾਦ ਨਾਲ ਹਾਂ। ਉਨ੍ਹਾਂ ਕਿਹਾ ਕਿ ਯਾਦ ਰੱਖੋ ਕਿ ਸਾਲ 2000 ਵਿਚ ਜ਼ੀਰਕਪੁਰ ਵਿਚ ਬਲਡੋਜ਼ਰ ਖੜ੍ਹੇ ਹੁੰਦੇ ਸਨ, ਪ੍ਰਕਾਸ਼ ਸਿੰਘ ਬਾਦਲ ਤੇ ਮਰਹੂਮ ਕੈਪਟਨ ਕੰਵਲਜੀਤ ਸਿੰਘ ਨੇ ਜ਼ੀਰਕਪੁਰ ਨੂੰ ਨਗਰ ਪੰਚਾਇਤ ਦਾ ਦਰਜਾ ਦਿੱਤਾ ਸੀ। ਇਸ ਤੋਂ ਬਾਅਦਇਸ ਨੂੰ ਏ ਕਲਾਸ ਨਗਰ ਕੌਂਸਲ ਦਾ ਦਰਜਾ ਦਿੱਤਾ ਤੇ ਸਬ-ਤਹਿਸੀਲ ਬਣਾਈ ਅਤੇ ਇਸ ਹਲਕੇ ਨੂੰ ਸੁਖਬੀਰ ਸਿੰਘ ਬਾਦਲ ਨੇ ਕੰਢੀ ਖੇਤਰ ਵਿਚ ਪਾਇਆ, ਜਿੱਥੋਂ ਕਾਂਗਰਸ ਨੇ ਬਾਹਰ ਕੱਢ ਦਿੱਤਾ ਹੈ।

## ਮੌਤ ਪਿੱਛੋਂ ਪਰਵਾਰ ਦੇ ਤਿੰਨ ਜੀਆਂ ਦੀਆਂ ਲਾਸ਼ਾਂ ਘਰੇ ਦੱਬ ਛੱਡੀਆਂ

ਫਾਜ਼ਿਲਕਾ, 4 ਅਪ੍ਰੈਲ (ਪੋਸਟ ਬਿਊਰੋ)- ਇਸ ਸ਼ਹਿਰ ਦੇ ਸਿੱਧੂ ਨਗਰ ਵਿੱਚ ਇੱਕ ਘਰ ਅੰਦਰ ਅੱਗ ਲੱਗ ਗਈ ਤੇ ਅੱਗ ਬੁਝਾਉਂਦਿਆਂ ਉਥੇ ਫਾਇਰ ਬ੍ਰਿਗੇਡ ਵਾਲਿਆਂ ਤੇ ਹੋਰ ਲੋਕਾਂ ਨੇ ਰਸੋਈ ਵਿੱਚ ਮਨੁੱਖੀ ਖੋਪੜੀ ਪਈ ਦੇਖੀ।

ਮਿਲੀ ਜਾਣਕਾਰੀ ਅਨੁਸਾਰ ਇਸ ਆਸ਼ਰਮਨੁਮਾ ਘਰ ਵਿੱਚ 65 ਕੁ ਸਾਲ ਦਾ ਰਵਿੰਦਰ ਭਾਟੀਆ ਨਾਂਅ ਦਾ ਇੱਕ ਆਦਮੀ ਰਹਿੰਦਾ ਹੈ। ਸਾਲ 2005 ਵਿੱਚ ਕਾਨੂੰਨਗੋ ਵਜੋਂ ਰਿਟਾਇਰ ਹੋਏ ਉਸ ਦੇ ਪਿਤਾ ਦੀ ਬਿਮਾਰੀ ਨਾਲ ਮੌਤ ਹੋ ਗਈ ਤੇ ਕੁਝ ਸਮੇਂ ਬਾਅਦ ਉਸ ਦੀ ਮਾਤਾ ਅਤੇ ਭੈਣ ਦੀ ਵੀ ਬਿਮਾਰੀ ਕਾਰਨ ਮੌਤ ਹੋ ਗਈ। ਰਵਿੰਦਰ ਨੇ ਸਾਰਿਆਂ ਨੂੰ ਘਰ ਦੇ ਅੰਦਰ ਦੱਬ ਦਿੱਤਾ। ਲੋਕ ਦੱਸਦੇ ਸਨ ਕਿ ਉਹ ਘਰ ਦੀ ਸਫਾਈ ਆਦਿ ਨਹੀਂ ਸੀ ਕਰਦਾ। ਕੱਲ੍ਹ ਭਾਟੀਆ ਦੇ ਘਰ ਅੰਦਰ ਅੱਗ ਲੱਗ ਗਈ ਤਾਂ ਅੱਗ ਬੁਝਾਉਣ ਲਈ ਸਥਾਨਕ ਲੋਕ ਤੇ ਫਾਇਰ ਬ੍ਰਿਗੇਡ ਵਾਲੇ ਗਏ। ਅੱਗ ਬੁਝੀ ਤਾਂ ਫਾਇਰ ਬ੍ਰਿਗੇਡ ਵਾਲਿਆਂ ਤੇ ਲੋਕਾਂ ਨੇ ਦੇਖਿਆ ਕਿ ਰਸੋਈ ਵਿੱਚ ਇੱਕ ਮਨੁੱਖੀ ਖੋਪੜੀ ਪਈ ਹੈ। ਇਸ ਤੋਂ ਚਰਚਾ ਚੱਲ ਪਈ ਕਿ ਰਵਿੰਦਰ ਭਾਟੀਆ ਨੇ ਆਪਣੇ ਪਰਵਾਰ ਦੀ ਹੱਤਿਆ ਕੀਤੀ ਹੈ। ਇਸ ਪਿੱਛੋਂ ਪੁਲਸ ਆਈ ਤੇ ਉਸ ਨੂੰ ਪੁੱਛਗਿੱਛ ਲਈ ਲੈ ਗਈ।

ਥਾਣਾ ਦੇ ਦੋ ਮੁਖੀ ਬਲਜੀਤ ਸਿੰਘ ਨੇ ਦੱਸਿਆ ਕਿ ਜਾਂਚ ਵਿੱਚ ਪਤਾ ਲੱਗਾ ਹੈ ਕਿ ਰਵਿੰਦਰ ਭਾਟੀਆ ਪਿਛਲੇ ਲੰਮੇ ਸਮੇਂ ਤੋਂ ਆਪਣੇ ਆਸ਼ਰਮਨੁਮਾ ਘਰ ਵਿੱਚ ਰਹਿ ਰਿਹਾ ਹੈ। 2005 ਵਿੱਚ ਬਿਮਾਰੀ ਕਾਰਨ ਇਸ ਦੇ ਪਿਤਾ ਦੀ ਮੌਤ ਹੋ ਗਈ ਸੀ, ਜੋ ਸਾਬਕਾ ਕਾਨੂੰਨਗੋ ਸੀ। ਰਵਿੰਦਰ ਨੇ ਉਨ੍ਹਾਂ ਦਾ ਸਸਕਾਰ ਕਰਨ ਦੀ ਥਾਂ ਉਨ੍ਹਾਂ ਦੀ ਦੇਹ ਆਪਣੇ ਵਿਹੜੇ ਵਿੱਚ ਹੀ ਜ਼ਮੀਨ ਹੇਠਾਂ ਦੱਬ ਦਿੱਤੀ। ਕੁਝ ਸਮਾਂ ਬਾਅਦ ਉਸ ਦੀ ਮਾਤਾ ਤੇ ਭੈਣ ਦੀ ਮੌਤ ਵੀ ਬਿਮਾਰੀ ਕਾਰਨ ਹੋ ਗਈ ਤਾਂ ਇਸ ਨੇ ਉਨ੍ਹਾਂ ਨੂੰ ਵੀ ਜ਼ਮੀਨ ਹੇਠਾਂ ਦੱਬ ਦਿੱਤਾ। ਪੁਲਸ ਨੇ ਦੱਸਿਆ ਕਿ ਭਾਟੀਆ ਦੇ ਘਰ ਅੰਦਰ ਜੋ ਮਨੁੱਖੀ ਖੋਪੜੀ ਮਿਲੀ ਹੈ, ਉਹ ਉਸ ਦੀ ਹਰ ਰੋਜ਼ ਪੂਜਾ ਕਰਦਾ ਸੀ।ਲੋਕਾਂ ਨੇ ਦੱਸਿਆ ਕਿ ਰਵਿੰਦਰ ਨੇ ਆਪਣੇ ਘਰ ਕਾਫੀ ਕਬਾੜ ਇਕੱਠਾ ਕੀਤਾ ਹੋਇਆ ਹੈ ਤੇ ਸਫਾਈ ਦਾ ਬਹੁਤ ਬੁਰਾ ਹਾਲ ਸੀ। ਜਾਂਚ ਦੌਰਾਨ ਪਤਾ ਲੱਗਾ ਕਿ ਕਿਸੇ ਜੀਵ ਦੀ ਹੱਤਿਆ ਨਾ ਹੋਵੇ, ਇਸ ਕਰ ਕੇ ਉਹ ਆਪਣੇ ਘਰ ਅਤੇ ਵਿਹੜੇ ਨੂੰ ਸਾਫ ਨਹੀਂ ਸੀ ਕਰਦਾ। ਉਸ ਨੂੰ ਜੋ ਬੁਢਾਪਾ ਪੈਨਸ਼ਨ ਜਾਂ ਪਿਤਾ ਦਾ ਸਰਕਾਰੀ ਭੱਤਾ ਮਿਲਦਾ, ਉਹ ਉਨ੍ਹਾਂ ਪੈਸਿਆਂ ਨੂੰ ਪਸ਼ੂਆਂ ਅਤੇ ਪੰਛੀਆਂ ਦੇ ਖਾਣ ਉੱਤੇ ਖਰਚ ਕਰ ਦਿੰਦਾ ਸੀ। ਪੁਲਸ ਨੇ ਦੱਸਿਆ ਕਿ ਜੇ ਉਨ੍ਹਾਂ ਨੂੰ ਕੋਈ ਸ਼ਿਕਾਇਤ ਮਿਲਦੀ ਹੈ ਤਾਂ ਉਹ ਅੱਗੇ ਦੀ ਕਾਰਵਾਈ ਕਰਨਗੇ।

# ਭਾਰਤ ਵੱਲੋਂ ਵੈਕਸੀਨ ਦੀ ਐਕਸਪੋਰਟ ਉੱਤੇ ਅਚਾਨਕ ਪਾਬੰਦੀ ਕਾਰਨ 92 ਦੇਸ਼ ਨਾਰਾਜ਼



ਵਾਸ਼ਿੰਗਟਨ, 4 ਅਪਰੈਲ, (ਪੋਸਟ ਬਿਊਰੋ)-ਕੋਰੋਨਾ ਵਾਇਰਸ ਦੇ ਵਧਦੇ ਕੇਸਾਂ ਨੂੰ ਦੇਖ ਕੇ ਭਾਰਤ ਸਰਕਾਰ ਨੇ ਦੇਸ਼ ਦੇ ਅੰਦਰ ਟੀਕਾਕਰਨ ਮੁਹਿੰਮ ਦੀ ਰਫਤਾਰ ਵੀ ਵਧਾ ਦਿੱਤੀ ਹੈ ਤੇ ਇਸੇ ਲਈ ਹਾਲ ਦੀ ਘੜੀ ਕੁਝ ਦੇਸ਼ਾਂ ਨੂੰ ਵੈਕਸੀਨ ਵੇਚਣ ਜਾਂ ਕਿਸੇ ਵੀ ਤਰ੍ਹਾਂ ਦੇਣ ਉੱਤੇ ਪਾਬੰਦੀ ਲਾ ਦਿੱਤੀ ਹੈ। ਭਾਰਤ ਦੇ ਇਸ ਫੈਸਲੇ ਤੋਂ ਕਈ ਦੇਸ਼ ਨਾਰਾਜ਼ ਹਨ।ਪਤਾ ਲੱਗਾ ਹੈ ਕਿ ਇਸ ਫੈਸਲੇ ਨਾਲ ਕਰੀਬ 92 ਗਰੀਬ ਦੇਸ਼ਾਂ ਲਈ ਵੈਕਸੀਨ ਦੀ ਸਪਲਾਈ ਪ੍ਰਭਾਵਤ ਹੋਈ ਹੈ।

ਇਸ ਦੌਰਾਨ ਇਹ ਵੀ ਦੱਸਿਆ ਜਾ ਰਿਹਾ ਹੈ ਕਿ ਅਮਰੀਕਾ ਤੇ ਬ੍ਰਿਟੇਨ ਸਮੇਤ ਸਾਰੇ ਅਮੀਰ ਦੇਸ਼ਾਂ ਨੇ ਪਹਿਲਾਂ ਹੀ ਵੈਕਸੀਨ ਦੀ ਵੱਡੀ ਗਿਣਤੀਸਟੋਰ ਕਰ ਲਈ ਹੈ। ਇਕ ਮੀਡੀਆਰਿਪੋਰਟ ਮੁਤਾਬਕ ਸਾਊਦੀ ਅਰਬ, ਕੈਨੇਡਾ, ਬ੍ਰਿਟੇਨ ਤੇ ਅਮਰੀਕਾ ਵਰਗੇ ਦੇਸ਼ਾਂ ਨੂੰ ਪਹਿਲਾਂ ਹੀ ਵੈਕਸੀਨ ਦੀ ਸਪਲਾਈ ਹੋ ਚੁੱਕੀ ਹੈ। ਭਾਰਤ ਦੇ ਸੀਰਮ ਇੰਸਟੀਚਿਊਟਵਿੱਚ ਬਣ ਰਹੀ ਆਕਸਫੋਰਡ-ਐਸਟ੍ਰਾਜ਼ੈਨੇਕਾ ਵੈਕਸੀਨ ਉੱਤੇ ਅਮੀਰ ਦੇਸ਼ਾਂ ਦਾ ਕੋਈ ਅਧਿਕਾਰ ਨਹੀਂ, ਇਹ ਸਿਰਫ ਭਾਰਤ ਲਈ ਵੀ ਨਹੀਂ, ਇਸ ਨੂੰ ਸੰਸਾਰ ਦੇ 92 ਗਰੀਬ ਦੇਸ਼ਾਂ ਲਈ ਬਣਾਇਆ ਜਾਣਾ ਹੈ, ਪਰ ਦੇਸ਼ਵਿੱਚ ਤੇਜ਼ੀ ਨਾਲ ਫੈਲ ਰਹੇ ਕੋਰੋਨਾ ਵਾਇਰਸ ਨੂੰ ਰੋਕਣ ਲਈ ਭਾਰਤ ਸਰਕਾਰ ਨੇ ਟੀਕਾਕਰਨ ਮੁਹਿੰਮ ਤੇਜ਼ ਕਰ ਦਿੱਤੀ ਹੈ ਤੇ ਏਸੇ ਕਾਰਨ ਇਸ ਦੀ ਐਕਸਪੋਰਟ ਨੂੰ ਕੁਝ ਸਮੇਂ ਲਈ ਰੋਕ ਦਿੱਤਾ ਗਿਆ ਹੈ।

KANG TAX & FINANCIAL SERVICES
Carte WEALTH MANAGEMENT INC.
› TAX E-FILING - PERSONAL & CORPORATION**
› LIFE, CRITICAL & DISABILITY INSURANCE***
› RRSP/TFSA/RESP/RDSP & OPEN ACCOUNTS*
› VISITOR INSURANCE***
FREE For New Immigrants
$10 OFF Coupon only for New Clients One per family
TAX Filing $40+Tax
* Mutual funds provided by Carte Wealth Management Inc. ** Tax planning and filings provided by Kang Tax & Financial Services ***Insurance sold through Carte Risk Management Inc., Financial Horizon and Axxel Insurance.



Sukhwinder Kang
M.Sc (Math), CFP
Certified Financial Planner
Off: 416-741-4877
Dir:416-271-4877
Email: skang@kangtax.ca
Suite #105-2645 Islington Ave.
Etobicoke, ON M9V 2X6
Website: www.kangtax.com
Email: sukhwinder.kang@cartewm.com

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ?
ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated



19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

## ਅੱਜ ਨਾਮਾ

ਪੈ ਗਿਆ ਗਾਹ ਚੁਤਰਫ ਆ ਰੈਲੀਆਂ ਦਾ,
ਹੁੰਦੀ ਭੀੜ ਵੀ ਕਈ-ਕਈ ਹਜ਼ਾਰ ਬੇਲੀ।
ਆ ਕੇ ਤੰਗ ਕਿਰਸਾਨ ਪੰਚਾਇਤ ਕਰਦੇ,
ਖੁੱਸਦੇ ਜਿਨ੍ਹਾਂ ਦੇ ਜੱਦੀ ਅਧਿਕਾਰ ਬੇਲੀ।
ਓਧਰ ਚਮਚੇ ਸਰਕਾਰ ਦੇ ਕਰਨ ਜਲਸਾ,
ਖਾ ਲੈਣ ਕੁੱਟ ਫਿਰ ਵਿੱਚ ਬਾਜ਼ਾਰ ਬੇਲੀ।
ਵੋਟਾਂ ਲੈਣ ਲਈ ਰੈਲੀਆ ਫਿਰੇ ਕਰਦਾ,
ਜੀਹਦੀ ਦੇਸ਼ ਦੇ ਵਿੱਚ ਸਰਕਾਰ ਬੇਲੀ।
ਫਾਸਲੇ ਰੱਖਣ ਨੂੰ ਲੋਕਾਂ ਨੂੰ ਆਪ ਆਖੇ,
ਕਰੀ ਜਾਂਦਾ ਹਦਾਇਤ ਆ ਕੜੀ ਬੇਲੀ।
ਰੈਲੀ ਲੱਖ ਦੀ ਹੁੰਦੀ ਕੋਈ ਰੋਕਦਾ ਨਾ,
ਬਰਾਤ ਸੱਠਾਂ ਦੀ ਜਾਂਵਦੀ ਫੜੀ ਬੇਲੀ।


**ਤੀਸ ਮਾਰ ਖਾਂ**

# ਭਾਰਤ ਵਿੱਚ ਕੋਰੋਨਾ ਵਾਲੇ ਹਾਲਾਤ ਵਿਗੜੇ, ਪ੍ਰਧਾਨ ਮੰਤਰੀ ਮੋਦੀ ਵੱਲੋਂ ਹਾਈ ਲੈਵਲ ਮੀਟਿੰਗ

*** ਪੰਜਾਬ ਵਿੱਚ ਕੇਸ ਇੱਕੋ ਦਿਨ ਤਿੰਨ ਹਜ਼ਾਰ ਤੋਂ ਟੱਪੇ, 51 ਮੌਤਾਂ**

ਨਵੀਂ ਦਿੱਲੀ, 4 ਅਪਰੈਲ, (ਪੋਸਟ ਬਿਊਰੋ)-ਭਾਰਤ ਸਰਕਾਰ ਦੀਆਂ ਬਹੁਤ ਕੋਸ਼ਿਸ਼ਾਂ ਦੇ ਬਾਵਜੂਦ ਕੋਰੋਨਾ ਮਹਾਮਾਰੀ ਦੀ ਮਾਰ ਵਧਣ ਤੋਂ ਰੋਕਣ ਵਿਚ ਨਾਕਾਮੀ ਅਤੇ ਟੀਕਾਕਰਨ ਵਿਚ ਤੇਜ਼ੀ ਨਾ ਆਉਣ ਕਾਰਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਐਤਵਾਰ ਨੂੰ ਉੱਚ ਅਧਿਕਾਰੀਆਂ ਨਾਲ ਹਾਲਾਤ ਦੀ ਸਮੀਖਿਆ ਕੀਤੀ ਅਤੇ ਇਸ ਮੌਕੇ ਟੈਸਟਿੰਗ, ਟਰੇਸਿੰਗ, ਸਹੀ ਕੋਵਿਡ ਵਿਹਾਰ ਤੇ ਟੀਕਾਕਰਨ ਨੂੰ ਜ਼ਰੂਰੀਦੱਸਿਆ। ਇਸ ਮੌਕੇ ਵੱਧ ਕੇਸਾਂਤੇ ਵੱਧ ਮੌਤ ਦਰ ਵਾਲੇ ਰਾਜਾਂ ਮਹਾਰਾਸ਼ਟਰ, ਪੰਜਾਬ ਅਤੇ ਛੱਤੀਸਗੜ੍ਹ ਲਈ ਕੇਂਦਰੀ ਟੀਮਾਂ ਫੌਰੀ ਭੇਜਣ ਲਈ ਕਿਹਾ ਅਤੇ ਮਹਾਮਾਰੀ ਨਾਲ ਹੋਣ ਵਾਲੀਆਂ ਮੌਤਾਂ ਨੂੰ ਹਰ ਹਾਲਤ ਰੋਕਣ ਲਈ ਸਾਰੇ ਜ਼ਰੂਰੀ ਕਦਮ ਚੁੱਕਣ ਉੱਤੇ ਜ਼ੋਰ ਦਿੱਤਾ।

ਅੱਜ ਦੀ ਪ੍ਰਧਾਨ ਮੰਤਰੀ ਦੀ ਹਾਈ ਲੈਵਲ ਮੀਟਿੰਗ ਵਿਚ ਕੇਂਦਰੀ ਸਿਹਤ ਮੰਤਰਾਲੇ ਵੱਲੋਂ ਸਿਹਤ ਸੈਕਟਰੀ ਰਾਜੇਸ਼



ਭੂਸ਼ਣ ਨੇ ਕੋਰੋਨਾ ਵਿਰੋਧੀ ਵੈਕਸੀਨ ਦੀ ਮੌਜੂਦਗੀ, ਵੈਕਸੀਨ ਉਤਪਾਦਕਾਂ ਦੀ ਸਮਰੱਥਾ ਤੇ ਨਵੀਂ ਵੈਕਸੀਨ ਉੱਤੇ ਹੋ ਰਹੇ ਟਰਾਇਲਬਾਰੇ ਸਾਰੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਭਾਰਤ ਵਿਚ ਵੈਕਸੀਨ ਦੀ ਕੋਈ ਕਮੀ ਨਹੀਂ ਅਤੇ ਵੈਕਸੀਨ ਨਿਰਮਾਤਾ ਆਪਣੀ ਉਤਪਾਦਨ ਸਮਰੱਥਾ ਵਧਾਉਣ ਦੇ ਯਤਨ ਕਰ ਰਹੇ ਹਨ।

ਇਸ ਦੌਰਾਨ ਪੰਜਾਬ ਵਿਚ ਕੋਰੋਨਾ ਦੇ ਕੇਸਾਂ ਦਾ ਅੰਕੜਾ ਇਕੋ ਦਿਨ ਤਿੰਨ ਹਜ਼ਾਰ ਤੋਂ ਟੱਪ ਗਿਆ ਹੈ। ਐਤਵਾਰ ਪੰਜਾਬ ਵਿੱਚ ਕੋਰੋਨਾ ਦੇ 3019 ਨਵੇਂ ਕੇਸ ਮਿਲੇ ਤੇ 51 ਲੋਕਾਂ ਦੀ ਮੌਤ ਹੋ ਗਈ।ਅੰਮ੍ਰਿਤਸਰ ਵਿਚ 10, ਹੁਸ਼ਿਆਰਪੁਰ, ਜਲੰਧਰ, ਲੁਧਿਆਣਾ ਅਤੇ ਗੁਰਦਾਸਪੁਰ ਵਿਚ ਸੱਤ-ਸੱਤ, ਰੂਪਨਗਰ ਵਿਚ ਚਾਰ, ਮੋਹਾਲੀ ਅਤੇ ਪਟਿਆਲਾ ਵਿਚ ਤਿੰਨ-ਤਿੰਨ, ਤਰਨ-ਤਾਰਨ ਵਿਚ ਦੋ ਤੇ ਬਠਿੰਡਾ ਵਿਚ ਕੋਰੋਨਾ ਨਾਲ ਮੌਤ ਹੋਈ ਹੈ। ਐਤਵਾਰ ਲੁਧਿਆਣਾ ਵਿਚ ਕੋਰੋਨਾ ਦੇ ਸਭ ਤੋਂ ਵੱਧ 466 ਕੇਸ, ਜਲੰਧਰ 387, ਮੋਹਾਲੀ 329, ਅੰਮ੍ਰਿਤਸਰ 271, ਪਟਿਆਲਾ 213, ਹੁਸ਼ਿਆਰਪੁਰ 172, ਬਠਿੰਡਾ 166, ਫ਼ਰੀਦਕੋਟ 152, ਰੂਪਨਗਰ 136, ਕਪੂਰਥਲਾ 135 ਅਤੇ ਗੁਰਦਾ-ਸਪੁਰ ਵਿਚ 104 ਕੇਸ ਨਵੇਂ ਮਿਲੇ ਹਨ।

## ਟੌਹੜਾ ਪਰਿਵਾਰ ਦੇ ਦੋ ਮੈਂਬਰਾਂ ਵੱਲੋਂ ਮੋਤੀ ਮਹਿਲ ’ਚ ਪਰਨੀਤ ਕੌਰ ਨੂੰ ਮਿਲਣ ਨਾਲ ਚਰਚੇ ਛਿੜੇ

ਪਟਿਆਲਾ, 4 ਅਪ੍ਰੈਲ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮਰਹੂਮ ਪ੍ਰਧਾਨ ਪੰਥ ਰਤਨ ਗੁਰਚਰਨ ਸਿੰਘ ਟੌਹੜਾ ਦੇ ਜਵਾਈ ਤੇ ਦੋਹਤੇ ਨੇ ਕੱਲ੍ਹ ਇੱਥੇ ਮੋਤੀ ਮਹਿਲ ਵਿੱਚ ਲੋਕ ਸਭਾ ਮੈਂਬਰ ਪਰਨੀਤ ਕੌਰ ਨਾਲ ਮੁਲਾਕਾਤ ਕੀਤੀ, ਜਿਸ ਨਾਲ ਨਵੀਂ ਚਰਚਾ ਛਿੜ ਗਈ ਹੈ। ਟੌਹੜਾ ਪਰਵਾਰ ਨੇ ਇਸ ਨੂੰ ਨਿੱਜੀ ਮਿਲਣੀ ਕਿਹਾ ਹੈ।

ਪਤਾ ਲੱਗਾ ਹੈ ਕਿ ਕੱਲ੍ਹ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਹਰਮੇਲ ਸਿੰਘ ਟੌਹੜਾ ਅਤੇ ਉਨ੍ਹਾਂ ਦੇ ਪੁੱਤਰ ਯੂਥ ਅਕਾਲੀ ਦਲ ਦੇ ਸੀਨੀਅਰ ਮੀਤ ਪ੍ਰਧਾਨ ਹਰਿੰਦਰ ਸਿੰਘ ਟੌਹੜਾ ਮੋਤੀ ਮਹਿਲ ਪੁੱਜੇ ਤਾਂਓਥੇ ਲੋਕ ਸਭਾ ਮੈਂਬਰ ਪਰਨੀਤ ਕੌਰ ਪਹਿਲਾਂ ਤੋਂ ਉਨ੍ਹਾਂ ਦਾ ਇੰਤਜ਼ਾਰ ਕਰ ਰਹੇ ਸਨ। ਕਰੀਬ ਅੱਧਾ ਘੰਟਾ ਚੱਲੀ ਮੁਲਾਕਾਤ ਦੌਰਾਨ ਕੁਝ ਤਸਵੀਰਾਂ ਖਿੱਚੀਆਂ ਗਈਆਂ, ਜੋ ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਗਈਆਂ ਹਨ। ਇਨ੍ਹਾਂ ਤਸਵੀਰਾਂ ਨੂੰ ਕੁਝ ਸਿਆਸੀ ਆਗੂਆਂ ਨੇ ਅੱਗੇ ਤੋਂ ਅੱਗੇ ਵਧਾ ਦਿੱਤਾ ਹੈ, ਪਰ ਕੁਝ ਕਹਿਣ ਤੋਂ ਗੁਰੇਜ਼ ਕੀਤਾ ਜਾ ਰਿਹਾ ਹੈ।ਇਸ ਬੈਠਕ ਬਾਰੇ ਗੱਲ ਹਰਿੰਦਰ ਸਿੰਘ ਟੌਹੜਾ ਨੇ ਕਿਹਾ ਕਿ ਪਰਨੀਤ ਕੌਰ ਦੀ ਜਥੇਦਾਰ ਗੁਰਚਰਨ ਸਿੰਘ ਟੌਹੜਾ ਨਾਲ ਵੀ ਨੇੜਤਾ ਸੀ, ਇਸ ਨਿੱਜੀ ਬੈਠਕ ਬਾਰੇ ਕੋਈ ਹੋਰ ਅੰਦਾਜ਼ੇ ਲਾਉਣੇ ਠੀਕ ਨਹੀਂ। ਵਰਨਣ ਯੋਗ ਹੈ ਕਿ ਹਰਮੇਲ ਸਿੰਘ ਟੌਹੜਾ ਅਤੇ ਉਸ ਦੀ ਪਤਨੀ ਕੁਲਦੀਪ ਕੌਰ ਟੌਹੜਾ 2016 ਵਿੱਚ ਅਕਾਲੀ ਦਲ ਛੱਡ ਕੇ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ ਸਨ। ਬੀਬੀ ਕੁਲਦੀਪ ਕੌਰ ਟੌਹੜਾ ਨੇ ਆਮ ਆਦਮੀ ਪਾਰਟੀ ਦੇ ਨਿਸ਼ਾਨ ਉੱਤੇ ਵਿਧਾਨ ਸਭਾ ਹਲਕਾ ਸਨੌਰ ਤੋਂ ਚੋਣ ਲੜੀ, ਪਰ ਹਾਰ ਗਏ ਸਨ। ਸਾਲ 2019 ਵਿੱਚ ਉਨ੍ਹਾਂ ਫਿਰ ਨੇ ਸ਼੍ਰੋਮਣੀ ਅਕਾਲੀ ਦਲ ਵਿੱਚ ਵਾਪਸੀ ਕਰ ਲਈ ਸੀ।

## ਪਾਕਿ ਨੇ ਐੱਫ ਏ ਟੀ ਐੱਫ ਦੇ ਡਰ ਕਾਰਨ ਅੱਤਵਾਦੀਆਂ ਉੱਤੇ ਸ਼ਿਕੰਜਾ ਕੱਸਿਆ

*** ਮੁੰਬਈ ਹਮਲੇ ਨਾਲ ਜੁੜੇ ਪੰਜ ਜਣਿਆਂ ਨੂੰ 9 ਸਾਲ ਦੀ ਕੈਦ**

ਲਾਹੌਰ, 4 ਅਪਰੈਲ, (ਪੋਸਟ ਬਿਊਰੋ)-ਫਾਈਨਾਂਸ ਐਕਸ਼ਨ ਟਾਸਕ ਫੋਰਸ (ਐੱਫ ਏ ਟੀ ਐੱਫ) ਦੀ ਕਾਲੀ ਸੂਚੀਵਿੱਚਪੈਣ ਤੋਂ ਬਚਣ ਲਈ ਪਾਕਿਸਤਾਨ ਨੇ ਲਸ਼ਕਰੇ ਤੋਇਬਾ ਦੇ ਮੋਢੀ ਹਾਫਿਜ਼ ਸਈਦਦਾ ਕੁਝ ਸ਼ਿਕੰਜਾ ਕੱਸਿਆ ਹੈ, ਪਰ ਉਸ ਉੱਤੇ ਸਿੱਧੀ ਕਾਰਵਾਈ ਦੀ ਥਾਂ ਉਸ ਦੇ ਪੰਜ ਚੇਲਿਆਂ ਨੂੰ ਅੱਤਵਾਦ ਬਾਰੇ ਅਦਾਲਤ ਤੋਂਅੱਤਵਾਦੀ ਫੰਡਿੰਗ ਦੇ ਕੇਸਵਿੱਚ ਨੌਂ-ਨੌਂ ਸਾਲ ਦੀ ਸਜ਼ਾ ਕਰਵਾਈ ਤੇ ਉਨ੍ਹਾਂ ਦੀ ਜਾਇਦਾਦ ਜ਼ਬਤ ਕਰਨ ਦੇ ਹੁਕਮ ਦਿੱਤੇ ਹਨ।ਅੱਤਵਾਦੀਆਂਉੱਤੇ ਇਸ ਕਾਰਵਾਈ ਦੀ ਪਹਿਲ ਲਹਿੰਦੇ ਪੰਜਾਬ ਦੇ ਅੱਤਵਾਦ ਵਿਰੋਧੀ ਵਿਭਾਗ ਨੇ ਕੀਤੀ ਸੀ।

ਅੱਤਵਾਦ ਵਿਰੋਧੀ ਅਦਾਲਤ ਦੇ ਜੱਜ ਏਜਾਜ਼ ਅਹਿਮਦ ਬੁੱਟਰ ਨੇ ਪੰਜਅੱਤਵਾਦੀਆਂ ਨੂੰ ਨੌਂ ਸਾਲ ਦੀ ਸਜ਼ਾ ਅਤੇ ਇਸੇਵਿੱਚ ਹਾਫਿਜ਼ ਸਈਦ ਦੇ ਸਾਲੇ ਹਾਫਿਜ਼ ਅਬਦੁਲ ਰਹਿਮਾਨ ਮੱਕੀ ਨੂੰ ਛੇ ਮਹੀਨੇ ਦੀ ਸਜ਼ਾ ਕੀਤੀ ਹੈ। ਅਦਾਲਤ ਨੇ ਇਨ੍ਹਾਂ ਸਾਰਿਆਂ ਨੂੰ ਅੱਤਵਾਦੀਆਂ ਦੀ ਫੰਡਿੰਗ ਦਾ ਦੋਸ਼ੀ ਮੰਨ ਕੇ ਕਿਹਾ ਕਿ ਇਹ ਸਾਰੇ ਗ਼ੈਰ ਕਾਨੂੰਨੀ ਤੌਰ ਉੱਤੇਅੱਤਵਾਦੀ ਸਰਗਰਮੀਆਂ ਲਈ ਫੰਡ ਇਕੱਠਾ ਕਰਦੇ ਤੇ ਪਾਬੰਦੀਸ਼ੁਦਾ ਸੰਗਠਨਾਂ ਦੀ ਮਦਦ ਕਰਦੇ ਸਨ। ਜੱਜ ਨੇ ਇਨ੍ਹਾਂ ਸਾਰਿਆਂ ਦੀ ਫੰਡਿੰਗ ਨਾਲ ਬਣਾਈ ਜਾਇਦਾਦ ਜ਼ਬਤ ਕਰਨ ਦੇ ਹੁਕਮ ਵੀ ਜਾਰੀ ਕਰ ਦਿਤੇ ਹਨ। ਕੇਸ ਦੀ ਸੁਣਵਾਈ ਦੌਰਾਨ ਸਾਰੇ ਅੱਤਵਾਦੀਆਂ ਨੂੰ ਸਖ਼ਤ ਸੁਰੱਖਿਆਹੇਠ ਅਦਾਲਤਲਿਆਂਦਾ, ਪਰ ਇਸ ਮੌਕੇ ਮੀਡੀਆ ਦੇ ਜਾਣ ਦੀ ਪਾਬੰਦੀ ਸੀ। ਪੁਲਿਸ ਨੇ ਹਾਫਿਜ਼ ਸਈਦ ਸਣੇ ਇਨ੍ਹਾਂ ਅੱਤਵਾਦੀਆਂ ਖ਼ਿਲਾਫ਼ ਕਰੀਬ 41 ਕੇਸ ਦਰਜ ਕੀਤੇ ਸਨ। ਯੂ ਐੱਨ ਓਵੱਲੋਂ ਐਲਾਨੇਅੱਤਵਾਦੀ ਹਾਫਿਜ਼ ਸਈਦ ਨੂੰ ਕੁਝ ਸਮਾਂ ਪਹਿਲਾਂ ਉਸ ਨੂੰ ਕੌਮਾਂਤਰੀ ਦਬਾਅਹੇਠ ਗ੍ਰਿਫ਼ਤਾਰ ਕੀਤਾ ਸੀ।

## ਅਫ਼ਗਾਨਿਸਤਾਨ ਵਿੱਚ ਇੱਕੋ ਦਿਨ ਹਵਾਈ ਹਮਲਿਆਂ ਵਿੱਚ ਸੌ ਤੋਂ ਵੱਧ ਅੱਤਵਾਦੀ ਮਾਰੇ ਗਏ

ਕਾਬੁਲ, 4 ਅਪਰੈਲ, (ਪੋਸਟ ਬਿਊਰੋ)-ਅਫ਼ਗਾਨਿਸਤਾਨਵਿੱਚ ਤਾਲਿਬਾਨ ਅੱਤਵਾਦੀਆਂ ਦੇ ਵੱਖ-ਵੱਖ ਟਿਕਾਣਿਆਂ ਉੱਤੇਕੀਤੇ ਗਏ ਜ਼ਬਰਦਸਤ ਹਵਾਈ ਹਮਲਿਆਂਵਿੱਚਅੱਜ ਸੌ ਤੋਂ ਵੱਧ ਅੱਤਵਾਦੀ ਮਾਰੇ ਗਏ।

ਇਕ ਉੱਚ ਪੁਲਿਸ ਅਧਿਕਾਰੀ ਦੇ ਦੱਸਣ ਮੁਤਾ-ਬਕ ਜੰਗੀ ਜਹਾਜ਼ਾਂ ਨਾਲ ਇਹ ਹਮਲੇ ਸ਼ਨਿਚਰਵਾਰ ਦੀ ਰਾਤ ਕੀਤੇ ਗਏ, ਜਿਨ੍ਹਾਂ ਵਿੱਚਤਾਲਿਬਾਨੀ ਸਰਹੱਦੀ ਕਮਾਂਡਰ ਮਾਰਿਆ ਗਿਆ। ਇਸ ਦੇ ਨਾਲ ਇਨ੍ਹਾਂ ਅੱਤਵਾਦੀਆਂ ਦੇ ਦੋ ਟੈਂਕ ਅਤੇ ਕਈ ਹੋਰ ਵਾਹਨ ਵੀ ਨਸ਼ਟ ਕਰ ਦਿੱਤੇ ਗਏ। ਹਮਲੇਵਿੱਚਸੁਰੱਖਿਆਫੋਰਸਾਂ ਦੇ ਕਿਸੇ



ਮੈਂਬਰ ਨੂੰ ਕੋਈ ਸੱਟ ਤੱਕ ਨਹੀਂ ਲੱਗੀ। ਉਂਜ ਅੱਜ ਦੇ ਹਮਲਿਆਂ ਬਾਰੇ ਤਾਲਿਬਾਨ ਦੇ ਬੁਲਾਰੇ ਨੇ ਅਜੇ ਤਕ ਕੋਈ ਟਿਪਣੀ ਨਹੀਂ ਕੀਤੀ।

ਦੂਸਰੇ ਪਾਸੇ ਅੱਜ ਕੁਨਾਰ ਸੂਬੇ ਦੇ ਛਾਪਾ ਦਾਰਾ ਜ਼ਿਲ੍ਹੇਵਿੱਚਅੱਤਵਾਦੀਆਂ ਨਾਲ ਭੇੜਵਿੱਚਸੁਰੱਖਿਆਦਲ ਦੇ ਪੰਜ ਜਵਾਨਾਂ ਦੀ ਮੌਤ ਹੋ ਗਈ, ਪਰ ਇਸ ਟੱਕਰਵਿੱਚ 28 ਤਾਲਿਬਾਨੀ ਅੱਤਵਾਦੀ ਵੀ ਮਾਰੇ ਗਏ। ਏਥੇ ਸੁਰੱਖਿਆਫੋਰਸ ਦੇ ਤਿੰਨ ਜਵਾਨ ਤੇ ਸੱਤ ਅੱਤਵਾਦੀ ਜ਼ਖ਼ਮੀ ਵੀ ਹੋਏ ਹਨ। ਸੁਰੱਖਿਆ ਬਲਾਂ ਨੇ ਜੰਗੀ ਜਹਾਜ਼ਾਂ ਦੀ ਮਦਦ ਨਾਲ ਅੱਤਵਾਦੀਆਂ ਉੱਤੇ ਜ਼ੋਰਦਾਰ ਹਮਲਾ ਕੀਤਾ ਅਤੇ ਹਿੰਸਾ ਦੀਆਂ ਹੋਰ ਘਟਨਾਵਾਂਵਿੱਚ 25 ਤੋਂ ਵੱਧ ਲੋਕ ਮਾਰੇ ਗਏ ਹਨ।
















# ਅਫਗਾਨਿਸਤਾਨ ਵਿੱਚ ਸ਼ਾਂਤੀ ਦੀ ਉਮੀਦ ਘੱਟ

-ਮੁਖਤਾਰ ਗਿੱਲ

ਬੀਤੇ ਦਿਨੀਂ ਪੂਰਬੀ ਅਫਗਾਨਿਸਤਾਨ ਵਿੱਚ ਇੱਕ ਸਥਾਨਕ ਰੇਡੀਓ ਅਤੇ ਟੀ ਵੀ ਲਈ ਕਵਰੇਜ ਕਰਦੀਆਂ ਤਿੰਨ ਮਹਿਲਾ ਪੱਤਰਕਾਰਾਂ ਦੀ ਹੱਤਿਆ ਅਤੇ ਮਾਰਚ ਦੇ ਪਹਿਲੇ ਹਫਤੇ ਅਫਗਾਨ ਫੌਜ ਵੱਲੋਂ ਕੰਧਾਰ ਸੂਬੇ ਵਿੱਚ 20 ਤਾਲਿਬਾਨ ਨੂੰ ਮਾਰੇ ਜਾਣ ਦੀਆਂ ਘਟਨਾਵਾਂ ਕਾਰਨ ਇਸ ਹਿੰਸਾ ਦੇ ਭੰਨੇ ਦੇਸ਼ ਵਿੱਚ ਅਮਨ ਹੋਣ ਦੀਆਂ ਸੰਭਾਵਨਾਵਾਂ ਨੂੰ ਭਾਰੀ ਸੱਟ ਵੱਜੀ ਹੈ। ਅਫਗਾਨ ਕਮਾਂਡੋ ਫੋਰਸ ਨੇ ਇੱਕ ਆਪਰੇਸ਼ਨ ਵਿੱਚ ਫੌਜ ਦੇ 27 ਜਵਾਨਾਂ ਅਤੇ ਸੱਤ ਨਾਗਰਿਕਾਂ ਨੂੰ ਤਾਲਿਬਾਨ ਦੀ ਕੈਦ ਤੋਂ ਛੁਡਾ ਲਿਆ। ਕੰਦੂਜ ਬਲਖ ਸੂਬੇ ਵਿੱਚ ਤਾਲਿਬਾਨੀ ਹਮਲੇ ਵਿੱਚ 11 ਸੁਰੱਖਿਆ ਮੁਲਾਜ਼ਮ ਮਾਰੇ ਗਏ। ਹੇਰਾਤ ਸੂਬੇ ਵਿੱਚ ਤਾਲਿਬਾਨ ਨੇ ਕਾਰ ਬੰਬ ਧਮਾਕਾ ਕਰ ਕੇ ਅੱਠ ਨਾਗਰਿਕਾਂ ਦੀ ਜਾਨ ਲੈ ਲਈ। ਸੰਯੁਕਤ ਅਰਬ ਅਮੀਰਾਤ (ਯੂ ਏ ਈ) ਵਿੱਚ ਅਫਗਾਨਿਸਤਾਨ ਦੇ ਜਾਵੇਦ ਅਹਿਮਦ ਨੇ ਕਿਹਾ ਕਿ ਕਤਰ ਵਿੱਚ ਸ਼ਾਂਤੀ ਵਾਰਤਾ ਦੇ ਠੱਪ ਹੋਣ ਤੋਂ ਬਾਅਦ ਵਾਰਤਾ ਯੂਰਪ, ਏਸ਼ੀਆ, ਪੱਛਮੀ ਏਸ਼ੀਆ ਤੇ ਅਫਗਾਨਿਸਤਾਨ ਵਿੱਚ ਕਰਵਾਈ ਜਾ ਸਕਦੀ ਹੈ। ਕਤਰ ਦੀ ਰਾਜਧਾਨੀ ਦੋਹਾ ਵਿੱਚ ਤਾਲਿਬਾਨ ਨਾਲ ਚੱਲ ਰਹੀ ਸ਼ਾਂਤੀ ਵਾਰਤਾ ਸ਼ੱਕ ਦੇ ਘੇਰੇ ਵਿੱਚ ਆ ਚੁੱਕੀ ਹੈ। ਇਸ ਗੱਲ ਦੀ ਆਸ ਘੱਟ ਹੈ ਕਿ ਵਾਰਤਾ ਕਿਸੇ ਨਵੇਂ ਮੁਕਾਮ ਉੱਤੇ ਪਹੁੰਚੇਗੀ ਤੇ ਸ਼ਾਂਤੀ ਦਾ ਰਾਹ ਬਣੇਗਾ। ਇਸ ਸਾਲ ਫਰਵਰੀ ਵਿੱਚ ਤਾਲਿਬਾਨ ਦੇ ਹਮਲਿਆਂ ਵਿੱਚ ਢਾਈ ਸੌ ਤੋਂ ਵੱਧ ਅਫਗਾਨ ਫੌਜੀ ਤੇ ਸੱਤਰ ਨਾਗਰਿਕ ਮਾਰੇ ਗਏ ਸਨ।

ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਇਡੇਨ ਅਫਗਾਨਿਸਤਾਨ ਦੇ ਜ਼ਮੀਨੀ ਹਾਲਾਤ ਦਾ ਜਾਇਜ਼ਾ ਲੈ ਰਹੇ ਹਨ। ਇਹ ਲੱਗਦਾ ਹੈ ਕਿ ਬਾਇਡੇਨ ਪ੍ਰਸ਼ਾਸਨ ਟਰੰਪ ਪ੍ਰਸ਼ਾਸਨ ਦੀ ਅਫਗਾਨ ਨੀਤੀ ਵਿੱਚ ਤਬਦੀਲੀ ਕਰੇਗਾ। ਅਜਿਹਾ ਇਸ ਲਈ ਵੀ ਹੈ ਕਿ ਲੰਬੇ ਸਮੇਂ ਤੋਂ ਅਮਰਕਾ ਅਫਗਾਨਿਸਤਾਨ ਵਿੱਚ ਫਸਿਆ ਹੋਇਆ ਮਹਿਸੂਸ ਕਰਦਾ ਹੈ। ਜੋਅ ਬਾਇਡੇਨ, ਤਾਲਿਬਾਨ ਅਤੇ ਅਮਰੀਕੀ ਪ੍ਰਸ਼ਾਸਨ ਵਿਚਾਲੇ ਸ਼ਾਂਤੀ ਸਮਝੌਤੇ ਉੱਤੇ ਵੀ ਮੁੜ ਵਿਚਾਰ ਕਰ ਸਕਦੇ ਹਨ ਕਿਉਂਕਿ ਸਮਝੌਤੇ ਤੋਂ ਉਨ੍ਹਾਂ ਨੂੰ ਖਾਸ ਆਸ ਨਹੀਂ ਦਿੱਸਦੀ। ਸ਼ਾਂਤੀ ਵਾਰਤਾ ਵਿੱਚ ਸ਼ਾਮਲ ਦੋਵੇਂ ਧਿਰਾਂ ਵਿਚਾਲੇ ਬੇਭਰੋਸਗੀ ਸਭ ਤੋਂ ਵੱਡਾ ਅੜਿੱਕਾ ਬਣੀ ਹੋਈ ਹੈ। ਬਾਇਡੇਨ ਪ੍ਰਸ਼ਾਸਨ ਨੇ ਇਹ ਸੰਕੇਤ ਦੇ ਦਿੱਤਾ ਹੈ ਕਿ ਇਸ ਸਾਲ ਮਈ ਦੇ ਬਾਅਦ ਵੀ ਅਫਗਾਨਿਸਤਾਨ ਵਿੱਚ ਅਮਰੀਕੀ ਫੌਜ ਰਹੇਗੀ। ਤਾਲਿਬਾਨ ਅਤੇ ਟਰੰਪ ਪ੍ਰਸ਼ਾਸਨ ਵਿਚਕਾਰ ਸ਼ਾਂਤੀ ਸਮਝੌਤੇ ਵਿੱਚ ਵਾਅਦਾ ਕੀਤਾ ਗਿਆ ਸੀ ਕਿ ਮਈ 2021 ਤੱਕ ਪੂਰੀ ਤਰ੍ਹਾਂ ਅਮਰੀਕੀ ਫੌਜੀ ਅਫਗਾਨਿਸਤਾਨ ਛੱਡ ਜਾਣਗੇ। ਉਥੇ ਸਿਰਫ 2500 ਅਮਰੀਕੀ ਫੌਜੀ ਹੀ ਹਨ। ਬਾਇਡੇਨ ਪ੍ਰਸ਼ਾਸਨ ਸ਼ਾਂਤੀ ਵਾਰਤਾ ਵਿੱਚ ਅਹਿਮ ਭੂਮਿਕਾ ਨਿਭਾਉਣ ਵਾਲੇ ਅਮਰੀਕੀ ਦੂਤ ਜਲਮਾਇ ਖਲੀਲਯਾਦ ਦੀ ਭੂਮਿਕਾ ਤੋਂ ਵੀ ਖੁਸ਼ ਨਹੀਂ। ਖਲੀਲਯਾਦ ਨੇ ਅਮਰੀਕਾ-ਅਫਗਾਨਿਸਤਾਨ ਵਿਚਾਲੇ ਸ਼ਾਂਤੀ ਵਾਰਤਾ ਵਿੱਚ ਖਾਸੀ ਕਾਹਲੀ ਵਿਖਾਈ ਸੀ। ਤਾਲਿਬਾਨ ਨਾਲ ਸ਼ਾਂਤੀ ਵਾਰਤਾ ਦੇ ਸਮੇਂ ਖਲੀਲਯਾਦ ਨੇ ਕੁਝ ਮਹੱਤਵ ਪੂਰਨ ਮੁੱਦੇ ਨਜ਼ਰਅੰਦਾਜ਼ ਕੀਤੇ ਸਨ ਜਿਨ੍ਹਾਂ ਵਿੱਚ ਮਨੁੱਖੀ ਤੇ ਮਹਿਲਾ ਅਧਿਕਾਰ ਆਦਿ ਸ਼ਾਮਲ ਸਨ ਜਿਨ੍ਹਾਂ ਨੂੰ ਕੁਝ ਸਾਲਾਂ ਦੌਰਾਨ ਅਫਗਾਨਿਸਤਾਨ ਸਰਕਾਰ ਵਿੱਚ ਮੌਜੂਦ ਉਜ਼ਬੇਕ, ਤਾਜ਼ਿਕ, ਹਜ਼ਾਰਾਂ ਜਨ ਜਾਤੀਆਂ ਦੇ ਪ੍ਰਤੀਨਿਧਾਂ ਨੂੰ ਹਮੇਸ਼ਾ ਸ਼ੱਕ ਦੀ ਨਜ਼ਰ ਨਾਲ ਵੇਖਿਆ।

ਸ਼ਾਂਤੀ ਸਮਝੌਤੇ ਤੋਂ ਬਾਅਦ ਵੀ ਅਫਗਾਨ ਫੌਜ, ਪੁਲਸਅ ਤੇ ਨਾਗਰਿਕਾਂ ਉੱਤੇ ਹਮਲੇ ਜਾਰੀ ਰਹੇ। ਇਸੇ ਕਾਰਨ ਹੀ ਟਰੰਪ ਪ੍ਰਸ਼ਾਸਨ ਨੇ ਗਨੀ ਸਰਕਾਰ ਉੱਤੇ ਦਬਾਅ ਬਣਾਈ ਰੱਖਿਆ। ਤਾਲਿਬਾਨ ਵੀ ਆਪਣੀਆਂ ਸ਼ਰਤਾਂ ਮਨਵਾਉਣ ਲਈ ਦਬਾਅ ਪਾਉਂਦਾ ਤੇ ਅਮਰੀਕਾ ਉੱਤੇ ਗੰਭੀਰ ਦੋਸ਼ ਲਾਉਂਦਾ ਰਿਹਾ। ਤਾਲਿਬਾਨ ਦੇ ਹਮਲਿਆਂ ਵਿੱਚ ਪਿਛਲੇ ਸਾਲ 3000 ਤੋਂ ਵੱਧ ਅਫਗਾਨ ਨਾਗਰਿਕ ਮਾਰੇ ਗਏ ਸਨ। ਅਫਗਾਨ ਸ਼ਾਂਤੀ ਵਾਰਤਾ ਪ੍ਰਕਿਰਿਆ ਦੀ ਸਫਲਤਾ ਪਾਕਿਸਤਾਨ ਤੇ ਈਰਾਨ ਦੇ ਰੁਖ ਉੱਤੇ ਵੀ ਨਿਰਭਰ ਕਰਦੀ ਹੈ। ਟਰੰਪ ਦੇ ਘੋਰ ਈਰਾਨ ਵਿਰੋਧੀ ਵਤੀਰੇ ਨੇ ਸ਼ਾਂਤੀ ਵਾਰਤਾ ਉੱਤੇ ਸਵਾਲੀਆ ਨਿਸ਼ਾਨ ਖੜ੍ਹਾ ਕਰ ਦਿੱਤਾ ਸੀ। ਈਰਾਨ, ਅਫਗਾਨਿਸਤਾਨ ਦਾ ਗੁਆਂਢੀ ਹੈ। ਪਿਛਲੇ ਤਿੰਨ ਦਹਾਕਿਆਂ ਤੋਂ ਈਰਾਨ ਅਤੇ ਪਾਕਿਸਤਾਨ ਦੀ ਅਫਗਾਨਿਸਤਾਨ ਵਿੱਚ ਸਰਗਰਮ ਭੂਮਿਕਾ ਰਹੀ ਹੈ। ਟਰੰਪ ਪ੍ਰਸ਼ਾਸਨ ਪਾਕਿਸਤਾਨ ਦਾ ਸਹਿਯੋਗ ਲੈਂਦਾ ਰਿਹਾ, ਪਰ ਈਰਾਨ ਨੂੰ ਨਜ਼ਰ ਅੰਦਾਜ਼ ਕਰਦਾ ਰਿਹਾ। ਪਿਛਲੇ ਇੱਕ ਦਹਾਕੇ ਤੋਂ ਤਾਲਿਬਾਨ ਨੇ ਈਰਾਨ ਨਾਲ ਆਪਣੇ ਸੰਬੰਧ ਮਜ਼ਬੂਤ ਕੀਤੇ ਹਨ। ਇਸ ਦਾ ਦੂਤ ਵਾਰਤਾ ਦੌਰਾਨ ਈਰਾਨ ਗਿਆ ਤੇ ਈਰਾਨ ਸਰਕਾਰ ਨਾਲ ਗੱਲਬਾਤ ਕੀਤੀ ਸੀ। ਓਦੋਂ ਤਹਿਰਾਨ ਵਿੱਚ ਤਾਲਿਬਾਨ ਵਫਦ ਨੇ ਕਿਹਾ ਸੀ ਕਿ ਅਮਰੀਕਾ ਤੇ ਤਾਲਿਬਾਨ ਵਿਚਾਲੇ ਸਮਝੌਤੇ ਮੁਤਾਬਕ ਅਫਗਾਨਿਸਤਾਨ ਦੀ ਅਸ਼ਰਫ ਗਨੀ ਸਰਕਾਰ ਨੂੰ ਹਟਾ ਕੇ ਇਸਲਾਮਕ ਸਰਕਾਰ ਬਣਾਈ ਜਾਵੇਗੀ, ਪਰ ਗਨੀ ਸਰਕਾਰ ਨੇ ਜਵਾਬ ਦਿੱਤਾ ਸੀ ਕਿ ਅਫਗਾਨਿਸਤਾਨ ਵਿੱਚ ਅਗਲੀ ਸਰਕਾਰ ਦੇਸ਼ ਦੇ ਸੰਵਿਧਾਨ ਅਨੁਸਾਰ ਬਣੇਗੀ ਅਤੇ ਇਸਲਾਮਕ ਸਰਕਾਰ ਦੇ ਬਨਣ ਦੀ ਕੋਈ ਸੰਭਾਵਨਾ ਨਹੀਂ। ਬੀਤੇ ਕੁਝ ਦਿਨਾਂ ਤੋਂ ਗਨੀ ਨੇ ਦੋਹਾ ਸ਼ਾਂਤੀ ਵਾਰਤਾ ਤੋਂ ਵੱਖਰੀ ਰਣਨੀਤੀ ਬਣਾਉਣੀ ਸ਼ੁਰੂ ਕਰ ਦਿੱਤੀ ਕਿਉਂਕਿ ਉਨ੍ਹਾਂ ਨੂੰ ਖੁਦ ਦੋਹਾ ਵਾਰਤਾ ਦੀ ਸਫਲਤਾ ਉੱਤੇ ਸ਼ੱਕ ਹੋਣ ਲੱਗਾ ਹੈ।

ਇਸ ਵਿੱਚ ਸ਼ੱਕ ਨਹੀਂ ਕਿ ਤਾਲਿਬਾਨ ਨੇ ਅਫਗਾਨਿਸਤਾਨ ਦੇ ਅੱਧੇ ਰਾਜਾਂ ਦੇ ਪੇਂਡੂ ਇਲਾਕਿਆਂ ਉੱਤੇ ਕਬਜ਼ਾ ਕਰ ਲਿਆ ਹੈ, ਪਰ ਉਸ ਨੂੰ ਪਤਾ ਹੈ ਕਿ ਕਾਬਲ ਉੱਤੇ ਉਸ ਦਾ ਕਬਜ਼ਾ ਹੋਣਾ ਮੁਸ਼ਕਲ ਹੈ ਕਿਉਂਕਿ ਹਜ਼ਾਰਾ ਅਤੇ ਤਾਜ਼ਿਕ ਕਬੀਲੇ ਅਜਿਹਾ ਨਹੀਂ ਹੋਣ ਦੇਣਗੇ। ਇਸ ਲਈ ਪਾਕਿ-ਸਤਾਨ ਵੀ ਵਿਚਕਾਰਲਾ ਰਾਹ ਲੱਭ ਕੇ ਤਾਲਿਬਾਨ ਦੀ ਕਾਬਲ ਦੀ ਸਰਕਾਰ ਵਿੱਚ ਘੁਸਪੈਠ ਕਰਵਾਉਣ ਦੀ ਕੋਸ਼ਿਸ਼ ਵਿੱਚ ਹੈ। ਇਸੇ ਕਰ ਕੇ ਪਾਕਿਸਤਾਨ ਦੋਹਾ ਵਿਚਲੀ ਗੱਲਬਾਤ ਨੂੰ ਸਫਲ ਬਣਾਉਣਾ ਚਾਹੁੰਦਾ ਹੈ। ਪਾਕਿਸਤਾਨ ਦੀ ਕੋਸ਼ਿਸ਼ ਹੈ ਕਿ ਦੇਵਬੰਦ ਮਦਰੱਸਿਆਂ ਤੋਂ ਸਿਖਿਅਤ ਉਸ ਦੇ ਤਾਲਿਬਾਨ ਕਮਾਂਡਰਾਂ ਦੀ ਕਾਬਲ ਸਰਕਾਰ ਵਿੱਚ ਹਿੱਸੇਦਾਰੀ ਤੈਅ ਹੋਵੇ। ਇਸ ਦੀ ਪੂਰੀ ਸੰਭਾਵਨਾ ਹੈ ਕਿ ਬਾਇਡੇਨ ਪ੍ਰਸ਼ਾਸਨ ਪੁਰਸ਼ ਤੇ ਮਹਿਲਾ ਅਧਿਕਾਰਾਂ ਬਾਰੇ ਟਰੰਪ ਪ੍ਰਸ਼ਾਸਨ ਵਾਂਗ ਤਾਲਿਬਾਨ ਅੱਗੇ ਸਮਰਪਣ ਨਹੀਂ ਕਰੇਗਾ। ਦੋਹਾ ਸ਼ਾਂਤੀ ਵਾਰਤਾ ਵਿੱਚ ਆਸ ਕੀਤੀ ਗਈ ਸੀ ਕਿ ਮਹਿਲਾ ਅਧਿਕਾਰਾਂ ਪ੍ਰਤੀ ਤਾਲਿਬਾਨਾਂ ਦਾ ਰੁਖ ਬਦਲੇਗਾ, ਪਰ ਗੱਲਬਾਤ ਤੋਂ ਸਾਫ ਹੋ ਗਿਆ ਕਿ ਤਾਲਿਬਾਨ ਅਫਗਾਨਿਸਤਾਨ ਵਿੱਚ ਇਸਲਾਮਕ ਸਰਕਾਰ ਦਾ ਚਾਹੁੰਦੇ ਹਨ ਅਤੇ ਔਰਤਾਂ ਨੂੰ ਉਨ੍ਹਾਂ ਦੇ ਅਧਿਕਾਰ ਦੇਣ ਨੂੰ ਰਾਜ਼ੀ ਨਹੀਂ।

ਵਰਨਣ ਯੋਗ ਹੈ ਕਿ ਲੰਬੇ ਸੰਘਰਸ਼ ਤੋਂ ਬਾਅਦ ਪਿਛਲੇ ਕੁਝ ਸਾਲਾਂ ਵਿੱਚ ਅਫਗਾਨ ਮਹਿਲਾਵਾਂ ਨੇ ਕਈ ਅਧਿਕਾਰ ਹਾਸਲ ਕੀਤੇ ਸਨ, ਜਿਵੇਂ ਸਰਕਾਰੀ ਨੌਕਰੀਆਂ, ਨਿਆਂ ਪਾਲਿਕਾ ਤੇ ਰਾਜਨੀਤੀ ਵਿੱਚ ਮਹਿਲਾਵਾਂ ਹਨ। ਪਾਰਲੀਮੈਂਟ ਵਿੱਚ ਵੀ ਉਨ੍ਹਾਂ ਦੀ ਚੰਗੀ ਪ੍ਰਤੀਨਿਧਤਾ ਹੈ। ਤਾਲਿਬਾਨ ਇਨ੍ਹਾਂ ਅਧਿਕਾਰਾਂ ਨੂੰ ਜਾਰੀ ਰੱਖਣ ਨੂੰ ਤਿਆਰ ਨਹੀਂ। ਬਾਇਡੇਨ ਪ੍ਰਸ਼ਾਸਨ ਅਫਗਾਨਿਸਤਾਨ ਵਿੱਚ ਮਹਿਲਾਵਾਂ ਨੂੰ ਮਿਲੇ ਅਧਿਕਾਰ ਖਤਮ ਨਹੀਂ ਕਰਨ ਦੇਵੇਗਾ। ਮਹਿਲਾ ਸੰਗਠਨ ਆਪਣੇ ਅਧਿਕਾਰਾਂ ਬਾਰੇ ਨਾਰਾਜ਼ ਹਨ ਕਿ ਸ਼ਾਂਤੀ ਵਾਰਤਾ ਵਿੱਚ ਉਨ੍ਹਾਂ ਨੂੰ ਸ਼ਾਮਲ ਨਹੀਂ ਕੀਤਾ ਜਾਂਦਾ। ਉਨ੍ਹਾਂ ਦਾ ਤਰਕ ਹੈ ਕਿ ਜਦੋਂ ਦੁਨੀਆ ਦੇ ਤਮਾਮ ਇਸਲਾਮਕ ਦੇਸ਼ਾਂ ਦੀਆਂ ਔਰਤਾਂ ਪਾਰਲੀਮੈਂਟ ਵਿੱਚ ਅਤੇ ਮੰਤਰੀ ਹਨ ਤਾਂ ਅਫਗਾਨਿਸਤਾਨ ਵਿੱਚ ਤਾਲਿਬਾਨ ਇਸ ਦਾ ਵਿਰੋਧ ਕਿਸ ਆਧਾਰ ਉੱਤੇ ਕਰਦਾ ਹੈ। ਇੰਝ ਲੱਗਦਾ ਹੈ ਕਿ ਅਗਲੇ ਸਾਲਾਂ ਵਿੱਚ ਵੀ ਅਫਗਾਨਿਸਤਾਨ ਨੂੰ ਸੰਘਰਸ਼ਾਂ ਦੇ ਦੌਰ ਵਿੱਚੋਂ ਵਿੱਚ ਵੀ ਗੁਜ਼ਰਨਾ ਪਵੇਗਾ। ਅਫਗਾਨ ਸ਼ਾਤੀ ਵਾਰਤਾ ਵਿੱਚ ਸ਼ਾਮਲ ਧਿਰਾਂ ਦੇ ਆਪੋ-ਆਪਣੇ ਹਿੱਤ ਹਨ ਜਿਨ੍ਹਾਂ ਦੀ ਰਾਖੀ ਲਈ ਉਹ ਜੀਅ ਤੋੜ ਯਤਨ ਕਰ ਰਹੀਆਂ ਹਨ। ਅਮਰੀਕਾ, ਰੂਸ, ਚੀਨ, ਈਰਾਨ ਤੇ ਪਾਕਿਸਤਾਨ ਆਦਿ ਦੇਸ਼ਾਂ ਦੇ ਹਿੱਤ ਅਫਗਾਨਿਸਤਾਨ ਵਿੱਚ ਹਨ। ਇਸ ਤਰ੍ਹਾਂ ਕੌਣ ਅਫਗਾਨਿਸਤਾਨ ਨੂੰ ਛੱਡਣਾ ਚਾਹੇਗਾ? ਇਸ ਰੌਲ-ਘਚੋਲੇ ਨੂੰ ਦੇਖਦੇ ਹੋਏ ਅਫਗਾਨਿਸਤਾਨ ਵਿੱਚ ਪੂਰੀ ਸ਼ਾਂਤੀ ਦੀ ਸੰਭਾਵਨਾ ਧੁੰਦਲੀ ਹੋ ਰਹੀ ਜਾਪਦੀ ਹੈ। ਅਫਗਾਨਿਸਤਾਨ ਦੇ ਇਤਿਹਾਸ ਉੱਤੇ ਝਾਂਤੀ ਮਾਰੀ ਜਾਵੇ ਤਾਂ ਪਤਾ ਲੱਗਦਾ ਹੈ ਕਿ ਇਸ ਦੀ ਸਰਜ਼ਮੀਨ ਬੈਰੂਨੀ ਹਮਲਿਆਂ ਅਤੇ ਖਾਨਾਜੰਗੀ ਕਾਰਨ ਸਦੀਆਂ ਤੋਂ ਲਹੂ-ਲੁਹਾਨ ਹੁੰਦੀ ਆਈ ਹੈ। 'ਕਾਬਲ ਦੇ ਜੰਮਿਆ ਨੂੰ ਨਿੱਤ ਮੁਹਿੰਮਾਂ' ਦੇ ਅਖਾਣ ਤੋਂ ਹੀ ਪਤਾ ਲੱਗਦਾ ਹੈ ਕਿ ਅਫਗਾਨਾਂ ਨੂੰ ਕਦੇ ਸ਼ਾਂਤੀ ਨਸੀਬ ਨਹੀਂ ਹੋਈ। ਸਿਕੰਦਰ ਨੇ 328 ਪੂਰਵ ਈਸਵੀ ਵਿੱਚ ਇਸ ਉੱਤੇ ਉਦੋਂ ਹਮਲਾ ਕੀਤਾ ਸੀ, ਜਦੋਂ ਅਫਗਾਨਿਸਤਾਨ ਦੀਆਂ ਸਰਹੱਦਾਂ ਅਜੇ ਉਲੀਕੀਆਂ ਵੀ ਨਹੀਂ ਸਨ ਗਈਆਂ।

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh, Angrez Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer Marketing: | Aman Warraich Sajandeep Singh |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ

647-998-7500 ਬਲਵਿੰਦਰ


ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates

ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
CANADIAN GLASS AND WINDOW
SINGH (TOCHI)
416-454-3031
647-784-8240
Email: tochisangha1@hotmail.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
Best Canadian Truck & Forklift Training Centre

AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-

Karnail Singh
416.670.3173 | 905.799.7333
27 Edvac Dr, Brampton, ON L6S 5X8

Visions of Punjab

Natasha Mahal
Co-Host
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com


Iqbal Mahal
Producer & Host
Serving the South Asian Community Since 1976

PUNJABI RANG RADIO

CAIO 530AM
11pm-12am
Every Saturday
Chamkaur Singh
Producer/ Host
Cell: 416 662 1313
Email: punjabirang13@hotmail.com

ਜ਼ਰੂਰ ਜਾਣੋ; ਗਿਆਨ ਗੰਗਾ

।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?

ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
Sadhna : 11:00 Am - 12:00 PM
Ishwar : 10:00 Am- 11:00 AM
MH One: 4:30 AM- 5:30 AM
Lok Shahi: 8:25 AM - 9:25 AM
Nepal 1: 8:30 PM -9:30 PM
Subharti : 10:30 AM- 11:30 AM
जन तंत्र: 7:30 PM - 8:30 PM

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224


KAMAL SANDHU
Sales Representative
647.891.0143
RE/MAX GOLD
realtorkamalsandhu@gmail.com
www.arearealtor.com
Looking For a Nest..? Call the Best


FOR SALE
EXCLUSIVE FOR SALE IN WOODSTOCK
CLOSING IN APRIL 2021
Bedroom 4
Bathroom 2+1
Size (Sq.Ft.) 2455
Home Details 42'

FOR SALE
EXCLUSIVE
JAMES C
CLOSING IN APRIL 2021
Bedroom 4
Bathroom 2+1
Size (Sq.Ft.) 2250
Home Details 36'

3+1 bdrms with finished Basement

FOR SALE
Kamal Sandhu 647-891-0143
Re/Max Gold Realty Inc Brokerage
Just listed for sale on MLS, 5 Sedgegrass way Brampton
KAMAL SANDHU RE/MAX GOLD REALTY INC BROKERAGE

# ਭਾਰਤ ਦੇ ਲੋਕਤੰਤਰੀ ਪ੍ਰਬੰਧ ਉੱਤੇ ਉੱਠ ਰਹੇ ਕਿੰਤੂ, ਜਿਨ੍ਹਾਂ ਦਾ ਜਵਾਬ ਦੇਣ ਦੀ ਵੀ ਲੋੜ ਨਹੀਂ



ਜਤਿੰਦਰ ਪੰਨੂ

ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਇਹੋ ਜਿਹੇ ਹਨ, ਜਿੱਥੇ ਇਸ ਵੇਲੇ ਬਿਨਾਂ ਸ਼ੱਕ ਲੋਕਤੰਤਰੀ ਪ੍ਰਣਾਲੀ ਚੱਲਦੀ ਹੋਣ ਦਾ ਦਾਅਵਾ ਕੀਤਾ ਜਾਂਦਾ ਹੈ, ਪਰ ਉਹ ਅਸਲ ਵਿੱਚ ਲੋਕਤੰਤਰ ਹੈ ਵੀ ਜਾਂ ਨਹੀਂ, ਇਸ ਬਾਰੇ ਕਈ ਤਰ੍ਹਾਂ ਦੇ ਸਵਾਲ ਚੁੱਕੇ ਅਤੇ ਬਹਿਸ ਦਾ ਮੁੱਦਾ ਬਣਾਏ ਜਾ ਰਹੇ ਹਨ। ਭਾਰਤ ਹਾਲੇ ਤੱਕ ਇਸ ਖਾਤੇ ਵਿੱਚ ਨਹੀਂ ਸੀ ਆਇਆ। ਜਦੋਂ ਭਾਰਤ ਵਿੱਚ ਲੋਕਤੰਤਰੀ ਪ੍ਰਕਿਰਿਆ ਦੌਰਾਨ ਬੂਥਾਂ ਉੱਤੇ ਕਬਜ਼ੇ ਕਰਨ ਦੀਆਂ ਖਬਰਾਂ ਬਿਹਾਰ, ਉੱਤਰ ਪ੍ਰਦੇਸ਼ ਅਤੇ ਮੱਧ ਪ੍ਰਦੇਸ਼ ਵਰਗੇ ਰਾਜਾਂ ਤੋਂ ਮਿਲਿਆ ਕਰਦੀਆਂ ਸਨ, ਝਾਰਖੰਡ ਤੇ ਛੱਤੀਸਗੜ੍ਹ ਰਾਜ ਹਾਲੇ ਬਣੇ ਨਹੀਂ ਸਨ, ਓਦੋਂ ਵੀ ਇਹ ਸਥਾਨਕ ਪੱਧਰ ਦੇ ਵਿਗਾੜ ਦਾ ਮਾਮਲਾ ਹੀ ਮੰਨਿਆ ਜਾਂਦਾ ਸੀ, ਦੇਸ਼ ਦੇ ਲੋਕਤੰਤਰੀ ਸਿਸਟਮ ਹੋਣ ਬਾਰੇ ਸਵਾਲ ਨਹੀਂ ਸੀ ਉੱਠਦੇ। ਅੱਜ ਭਾਰਤ ਦੇ ਲੋਕਤੰਤਰੀ ਦੇਸ਼ ਹੋਣ ਜਾਂ ਭਵਿੱਖ ਵਿੱਚ ਇਸ ਦੇ ਲੋਕਤੰਤਰੀ ਦੇਸ਼ ਰਹਿਣ ਬਾਰੇ ਸਵਾਲਾਂ ਦੀ ਲੜੀ ਸਾਹਮਣੇ ਆ ਖੜੋਂਦੀ ਹੈ, ਪਰ ਕੋਈ ਤਸੱਲੀ ਵਾਲਾ ਜਵਾਬ ਦੇ ਸਕਣ ਜੋਗਾ ਆਗੂ ਜਾਂ ਵਿਦਵਾਨ ਨਹੀਂ ਲੱਭਦਾ। ਏਨੇ ਸਵਾਲ ਅੱਗੇ ਕਦੀ ਨਹੀਂ ਸਨ ਉੱਠੇ, ਅੱਜਕੱਲ੍ਹ ਅਚਾਨਕ ਕਿਉਂ ਉੱਠਣ ਲੱਗ ਪਏ, ਇਸ ਬਾਰੇ ਵੀ ਕਿਸੇ ਤਰ੍ਹਾਂ ਦੀ ਸਿੱਧੀ ਬਹਿਸ ਨਹੀਂ ਹੁੰਦੀ ਤੇ ਚਲਾਵੇਂ ਜਿਹੇ ਸਵਾਲਾਂ ਦਾ ਅਸਲੋਂ ਟਾਲਣ ਵਾਲਾ ਜਵਾਬ ਦੇਣ ਦੇ ਬਾਅਦ ਚੁੱਪ ਵਰਤ ਜਾਂਦੀ ਹੈ।

ਕਿੰਤੂ ਕਿਹੜੀ ਤਰ੍ਹਾਂ ਦੇ ਹਨ, ਇਸ ਸੰਬੰਧ ਵਿੱਚ ਵੀ ਇੱਕ ਤੋਂ ਇੱਕ ਦਿਲਚਸਪ ਕਿੱਸੇ ਸੁਣਨ ਨੂੰ ਮਿਲ ਸਕਦੇ ਹਨ ਅਤੇ ਇਨ੍ਹਾਂ ਬਾਰੇ ਗੱਲ ਕਰਨੀ ਹੋਵੇ ਤਾਂ ਦਿੱਲੀ ਸਰਕਾਰ ਬਾਰੇ ਭਾਰਤ ਦੀ ਕੇਂਦਰ ਸਰਕਾਰ ਵੱਲੋਂ ਪਾਰਲੀਮੈਂਟ ਤੋਂ ਪਿਛਲੇ ਹਫਤੇ ਪਾਸ ਕਰਵਾਏ ਨਵੇਂ ਸੋਧ ਕਾਨੂੰਨ ਤੋਂ ਸ਼ੁਰੂ ਕੀਤੀ ਜਾ ਸਕਦੀ ਹੈ। ਬਹੁਤ ਸਾਰੇ ਲੋਕਾਂ ਲਈ ਇਹ ਭਾਜਪਾ ਅਤੇ ਆਮ ਆਦਮੀ ਪਾਰਟੀ ਦੇ ਵਿਚਾਲੇ ਖਿੱਚੋਤਾਣ ਦਾ ਮੁੱਦਾ ਹੋ ਸਕਦਾ ਹੈ, ਪਰ ਉਹ ਇਹ ਗੱਲ ਨਹੀਂ ਜਾਣਦੇ ਕਿ ਦਿੱਲੀ ਦੇ ਤਜਰਬੇ ਨੂੰ ਬਾਅਦ ਵਿੱਚ ਮੁਕੰਮਲ ਰਾਜ ਦੇ ਦਰਜੇ ਵਾਲੀਆਂ ਸਰਕਾਰਾਂ ਦੇ ਵਿਰੁੱਧ ਵੀ ਵਰਤਿਆ ਜਾ ਸਕਦਾ ਹੈ। ਦਿੱਲੀ ਦਾ ਦਰਜਾ ਇੱਕ ਕੇਂਦਰੀ ਸ਼ਾਸਿਤ ਰਾਜ ਵਾਲਾ ਹੈ ਤੇ ਇਸ ਬਾਰੇ ਨਵੀਂ ਪਾਸ ਕੀਤੀ ਸੋਧ ਨਾਲ ਅਰਵਿੰਦ ਕੇਜਰੀਵਾਲ ਵਾਲੀ ਸਰਕਾਰ ਦੀਆਂ ਸ਼ਕਤੀਆਂ ਹੋਰ ਘਟਾ ਕੇ ਬਹੁਤ ਸਾਰੇ ਕੰਮਾਂ ਵਿੱਚ ਦਿੱਲੀ ਦੇ ਲੈਫਟੀਨੈਂਟ ਗਵਰਨਰ ਦੇ ਅਧਿਕਾਰ ਵਧਾਏ ਗਏ ਹਨ ਅਤੇ ਇਸ ਨਾਲ ਦਿੱਲੀ ਦੀ ਸਰਕਾਰ ਇੱਕ ਨਗਰ ਪਾਲਿਕਾ ਜਿੰਨੀ ਤਾਕਤਵਰ ਵੀ ਨਹੀਂ ਰਹੀ ਲੱਗਦੀ। ਦੇਸ਼ ਦੀ ਸਰਕਾਰ ਨੇ ਲੋਕ ਸਭਾ ਵਿੱਚ ਸਾਫ ਕਿਹਾ ਹੈ ਕਿ ਦਸੰਬਰ 2014 ਤੱਕ ਸਭ ਕੁਝ ਠੀਕ ਚੱਲਦਾ ਸੀ, ਸਾਲ 2015 ਚੜ੍ਹਨ ਦੇ ਬਾਅਦ ਸਥਿਤੀਆਂ ਬਦਲ ਗਈਆਂ ਤੇ ਇਹ ਸੋਧ ਪਾਸ ਕਰਨੀ ਜ਼ਰੂਰੀ ਹੋ ਗਈ ਹੈ। ਇਹ ਸਾਲ 2015 ਵਿੱਚ ਏਨਾ ਫਰਕ ਹੀ ਤਾਂ ਪਿਆ ਸੀ ਕਿ ਦੋਵਾਂ ਰਿਵਾਇਤੀ ਸਿਆਸੀ ਪਾਰਟੀਆਂ ਦੀ ਥਾਂ ਉਹ ਪਾਰਟੀ ਆ ਗਈ ਸੀ, ਜਿਹੜੀ ਵੱਖਰੀ ਸੋਚ ਵਾਲੇ ਢੰਗ ਨਾਲ ਚੱਲਦੀ ਸੀ ਤੇ ਭਾਜਪਾ ਲੀਡਰਸ਼ਿਪ ਨੂੰ ਬਰਦਾਸ਼ਤ ਨਹੀਂ ਸੀ ਹੁੰਦੀ। ਅੱਜ ਇਹ ਗੱਲ ਉਸ ਇੱਕ ਪਾਰਟੀ ਬਾਰੇ ਕਹਿ ਕੇ ਉਸ ਦੀ ਸਰਕਾਰ ਦੀਆਂ ਤਾਕਤਾਂ ਘਟਾਈਆਂ ਗਈਆਂ ਹਨ ਤਾਂ ਕੱਲ੍ਹ ਨੂੰ ਹੋਰਨਾਂ ਰਾਜਾਂ ਦੀਆਂ ਤਾਕਤਾਂ ਘਟਾਈਆਂ ਜਾ ਸਕਦੀਆਂ ਹਨ। ਬਹੁਤ ਸਾਰੇ ਲੋਕ ਕਹਿੰਦੇ ਹਨ ਕਿ ਰਾਜਾਂ ਦੀਆਂ ਤਾਕਤਾਂ ਘਟਾਈਆਂ ਨਹੀਂ ਜਾ ਸਕਦੀਆਂ। ਆਪਣੇ ਮਨ ਵਿੱਚ ਇਹੋ ਜਿਹਾ ਵਹਿਮ ਕਿਸੇ ਨੂੰ ਨਹੀਂ ਪਾਲਣਾ ਚਾਹੀਦਾ, ਦੇਸ਼ ਦੇ ਸੰਵਿਧਾਨ ਵਿੱਚ ਇਸ ਦਾ ਰਾਹ ਵੀ ਮੌਜੂਦ ਹੈ।

ਇਹ ਗੱਲ ਦੱਸਣ ਦੀ ਲੋੜ ਨਹੀਂ ਕਿ ਧਾਰਾ 356 ਨਾਲ ਕਿਸੇ ਵੀ ਰਾਜ ਸਰਕਾਰ ਨੂੰ ਤੋੜ ਕੇ ਉਸ ਦੀਆਂ ਸਾਰੀਆਂ ਤਾਕਤਾਂ ਓਥੋਂ ਦੇ ਗਵਰਨਰ ਦੇ ਰਾਹੀਂ ਕੇਂਦਰ ਸਰਕਾਰ ਸਿੱਧੇ ਆਪਣੇ ਹੱਥ ਲੈ ਸਕਦੀ ਹੈ। ਅਗਲੀ ਗੱਲ ਇਹ ਹੈ ਕਿ ਓਸੇ ਧਾਰਾ ਵਿੱਚੋਂ ਇਹ ਭਾਵਨਾ ਲੱਭ ਜਾਂਦੀ ਹੈ ਕਿ ਰਾਸ਼ਟਰਪਤੀ ਦੇ ਦਸਖਤ ਕਰਵਾ ਕੇ ਕਿਸੇ ਰਾਜ ਸਰਕਾਰ ਨੂੰ ਤੋੜੇ ਬਿਨਾਂ ਵੀ ਓਥੋਂ ਦੀਆਂ ਸਿਰਫ ਕੁਝ ਤਾਕਤਾਂ ਕੇਂਦਰ ਸਰਕਾਰ ਆਪਣੇ ਹੱਥ ਲੈ ਸਕਦੀ ਹੈ। ਅਜੇ ਤੱਕ ਕਿਸੇ ਰਾਜ ਵਿੱਚ ਏਦਾਂ ਕੀਤਾ ਹੋਵੇ, ਇਸ ਦੀ ਸਾਨੂੰ ਜਾਣਕਾਰੀ ਨਹੀਂ, ਰਾਜ ਸਰਕਾਰਾਂ ਤੋੜਨ ਦੀ ਜਾਣਕਾਰੀ ਸਭ ਨੂੰ ਹੈ, ਪਰ ਸੰਵਿਧਾਨ ਵਿੱਚ ਇਹ ਵੀ ਰਾਹ ਰੱਖਿਆ ਗਿਆ ਹੈ, ਜਿਸ ਨੂੰ ਕਿਸੇ ਨੇ ਅੱਜ ਤੱਕ ਵਰਤਣ ਦੀ ਲੋੜ ਨਹੀਂ ਸਮਝੀ ਤਾਂ ਅੱਜ ਵਾਲੀ ਸਰਕਾਰ ਕੱਲ੍ਹ ਨੂੰ ਵਰਤ ਸਕਦੀ ਹੈ। ਇਹ ਸੰਕੇਤ ਦਿੱਲੀ ਬਾਰੇ ਪਾਸ ਕੀਤੀ ਸੋਧ ਤੋਂ ਹੀ ਨਹੀਂ, ਕੇਂਦਰ ਸਰਕਾਰ ਵੱਲੋਂ ਕੇਂਦਰੀ ਏਜੰਸੀਆਂ ਤੇ ਵਿਭਾਗਾਂ ਦੀ ਸਿਆਸੀ ਮਕਸਦਾਂ ਲਈ ਵਰਤੋਂ ਦੇ ਅਜੋਕੇ ਨਮੂਨੇ ਤੋਂ ਵੀ ਬੜਾ ਸੌਖਾ ਮਿਲ ਜਾਂਦਾ ਹੈ।



ਇਸ ਦਾ ਇੱਕ ਨਮੂਨਾ ਇਹ ਹੈ ਕਿ ਅੱਜਕੱਲ੍ਹ ਜਿਸ ਵੀ ਰਾਜ ਵਿੱਚ ਵਿਧਾਨ ਸਭਾ ਚੋਣਾਂ ਹੋਣੀਆਂ ਹੋਣ, ਭਾਜਪਾ ਦੇ ਵਿਰੋਧ ਦੀ ਮੁੱਖ ਧਿਰ ਜਾਂ ਕੁਝ ਧਿਰਾਂ ਦੇ ਗੱਠਜੋੜ ਦੇ ਆਗੂਆਂ ਦੇ ਘਰੀਂ ਇਨਫੋਰਸਮੈਂਟ ਡਾਇਰੈਕਟੋਰੇਟ ਅਤੇ ਇਨਕਮ ਟੈਕਸ ਦੇ ਛਾਪੇ ਵੱਜਣੇ ਸ਼ੁਰੂ ਹੋ ਜਾਂਦੇ ਹਨ। ਅਸਾਮ ਵਿੱਚ ਤਾਂ ਭਾਜਪਾ ਦੇ ਇੱਕ ਸੀਨੀਅਰ ਆਗੂ ਨੇ ਆਪਣੇ ਵਿਰੁੱਧ ਕਲਮ ਚੁੱਕਣ ਵਾਲੇ ਪੱਤਰਕਾਰ ਨੂੰ ਇਹ ਵੀ ਕਹਿ ਦਿੱਤਾ ਕਿ ਤੇਰੇ ਖਿਲਾਫ ਐੱਨ ਆਈ ਏ ਦਾ ਕੇਸ ਬਣਵਾਇਆ ਜਾ ਸਕਦਾ ਹੈ। ਇਹ ਧਮਕੀ ਉਸ ਨੈਸ਼ਨਲ ਇਨਵੈਸਟੀਗੇਸ਼ਨ ਏਜੰਸੀ ਦੇ ਨਾਂਅ ਉੱਤੇ ਦਿੱਤੀ ਗਈ ਹੈ, ਜਿਹੜੀ ਮੁੰਬਈ ਦੇ ਸਭ ਤੋਂ ਵੱਡੇ ਦਹਿਸ਼ਤਗਰਦ ਹਮਲੇ ਪਿੱਛੋਂ ਸਿਰਫ ਦਹਿਸ਼ਤਗਰਦੀ ਦੇ ਕੇਸਾਂ ਨਾਲ ਨਿਪਟਣ ਲਈ ਬਣਾਈ ਗਈ ਸੀ। ਬੀਤੇ ਸ਼ੁੱਕਰਵਾਰ ਤਾਮਿਲ ਨਾਡੂ ਵਿੱਚ ਭਾਜਪਾ ਨਾਲ ਸਿਆਸੀ ਟੱਕਰ ਦੀ ਮੁੱਖ ਧਿਰ ਦੇ ਆਗੂ ਐੱਮ ਕੇ ਸਟਾਲਿਨ ਦੀ ਧੀ ਦੇ ਘਰ ਵੀ ਕੇਂਦਰ ਦੀਆਂ ਏਜੰਸੀਆਂ ਨੇ ਛਾਪਾ ਜਾ ਮਾਰਿਆ ਹੈ। ਪੱਛਮੀ ਬੰਗਾਲ ਵਿੱਚ ਤ੍ਰਿਣਮੂਲ ਕਾਂਗਰਸ ਨਾਲ ਜੁੜੇ ਬਹੁਤ ਸਾਰੇ ਲੀਡਰਾਂ ਦੇ ਘਰੀਂ ਪਹਿਲਾਂ ਕੇਂਦਰੀ ਏਜੰਸੀਆਂ ਨੇ ਛਾਪੇ ਮਾਰੇ ਤੇ ਫਿਰ ਰੋਜ਼ ਉਨ੍ਹਾਂ ਨੂੰ ਜਾਂਚ ਦੇ ਬਹਾਨੇ ਬੁਲਾ ਕੇ ਆਪਣੇ ਦਫਤਰਾਂ ਵਿੱਚ ਪੂਰਾ-ਪੂਰਾ ਦਿਨ ਬਿਠਾਈ ਰੱਖਿਆ ਜਾਂਦਾ ਰਿਹਾ। ਉਨ੍ਹਾਂ ਵਿੱਚੋਂ ਜਿਸ ਕਿਸੇ ਨੇ ਭਾਜਪਾ ਵਿੱਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ, ਅਗਲੇ ਦਿਨ ਤੋਂ ਉਸ ਦੇ ਘਰ ਕਦੇ ਕੋਈ ਛਾਪਾ ਨਹੀਂ ਪਿਆ ਤੇ ਕੇਸਾਂ ਦੀਆਂ ਫਾਈਲਾਂ ਠੱਪ ਕਰਨ ਦਾ ਕੰਮ ਚੁੱਪ-ਚੁਪੀਤੇ ਏਦਾਂ ਹੋ ਗਿਆ, ਜਿਵੇਂ ਕਦੀ ਕੋਈ ਜਾਂਚ ਸ਼ੁਰੂ ਹੀ ਨਾ ਹੋਈ ਹੋਵੇ। ਮਮਤਾ ਬੈਨਰਜੀ ਨੂੰ ਜਿਹੜੇ ਵੱਡੇ ਲੀਡਰਾਂ ਦੀ ਹਮਾਇਤ ਉੱਤੇ ਬੜਾ ਮਾਣ ਹੁੰਦਾ ਸੀ, ਉਹ ਇਨ੍ਹਾਂ ਏਜੰਸੀਆਂ ਵੱਲੋਂ ਲਗਾਮ ਖਿੱਚੇ ਜਾਣ ਉੱਤੇ ਉਸੇ ਨਾਲ ਆਢਾ ਲੈਣ ਲਈ ਭਾਜਪਾ ਦੇ ਥਰਡ-ਰੇਟ ਕਾਰਿੰਦੇ ਬਣ ਕੇ ਕੰਮ ਕਰਨ ਨੂੰ ਤਿਆਰ ਹੋ ਗਏ ਹਨ। ਉਨ੍ਹਾਂ ਵਿੱਚੋਂ ਇੱਕ ਜਣਾ ਸੁਵੇਂਦੂ ਅਧਿਕਾਰੀ ਇਸ ਵੇਲੇ ਮਮਤਾ ਬੈਨਰਜੀ ਦੇ ਖਿਲਾਫ ਚੋਣ ਵਿੱਚ ਭਾਜਪਾ ਦਾ ਉਮੀਦਵਾਰ ਹੈ। ਕਈ ਹੋਰਨਾਂ ਬਾਰੇ ਸੁਣਿਆ ਜਾ ਸਕਦਾ ਹੈ ਕਿ ਅਗਲੇ ਦਿਨੀਂ ਉਹ ਵੀ ਮਮਤਾ ਦੀ ਛਤਰੀ ਤੋਂ ਉੱਡ ਕੇ ਭਾਜਪਾ ਦੇ ਚੁਬਾਰੇ ਦੀ ਛੱਤ ਉੱਤੇ ਟਿਕਾਣਾ ਬਣਾਉਣ ਲਈ ਤਿਆਰੀਆਂ ਕਰਦੇ ਪਏ ਹਨ। ਆਂਧਰਾ ਪ੍ਰਦੇਸ਼ ਦੀ ਤੇਲਗੂ ਦੇਸਮ ਦੇ ਆਗੂ ਚੰਦਰ ਬਾਬੂ ਨਾਇਡੂ ਦੇ ਕੁਝ ਸਾਥੀ ਏਸੇ ਤਰ੍ਹਾਂ ਭਾਜਪਾ ਵੱਲ ਜਾਣ ਨੂੰ ਮਜਬੂਰ ਹੋਏ ਸਨ। ਰਾਜ ਸਭਾ ਦੇ ਇੱਕ ਮੈਂਬਰ ਦੇ ਖਿਲਾਫ ਭਾਜਪਾ ਦੇ ਇੱਕ ਸੀਨੀਅਰ ਬੁਲਾਰੇ ਨੇ ਰਾਜ ਸਭਾ ਦੇ ਚੇਅਰਮੈਨ ਨੂੰ ਚਿੱਠੀ ਲਿਖੀ ਕਿ ਇਸ ਦੇ ਵਿਰੁੱਧ ਕਈ ਕਰੋੜ ਦੇ ਘਪਲੇ ਦਾ ਕੇਸ ਬੜਾ ਸੰਗੀਨ ਹੈ, ਇਸ ਦੀ ਰਾਜ ਸਭਾ ਮੈਂਬਰੀ ਖਤਮ ਕਰ ਦੇਣੀ ਚਾਹੀਦੀ ਹੈ। ਉਹ ਇੱਕ ਹਫਤਾ ਲੰਘਣ ਤੋਂ ਪਹਿਲਾਂ ਚੰਦਰ ਬਾਬੂ ਨਾਇਡੂ ਵਾਲੀ ਤੇਲਗੂ ਦੇਸਮ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਿਆ, ਉਸ ਦੇ ਖਿਲਾਫ ਚਿੱਠੀ ਲਿਖਣ ਵਾਲਾ ਵੀ ਓਸੇ ਰਾਜ ਸਭਾ ਵਿੱਚ ਬੈਠਦਾ ਹੈ, ਉਹ ਵੀ ਅਤੇ ਹਾਊਸ ਦਾ ਚੇਅਰਮੈਨ, ਜਿਹੜਾ ਪਹਿਲਾਂ ਦੋ ਵਾਰ ਭਾਜਪਾ ਦਾ ਪ੍ਰਧਾਨ ਰਹਿ ਚੁੱਕਾ ਹੈ, ਉਹ ਵੀ ਓਥੇ ਹੁੰਦਾ ਹੈ, ਪਰ ਕਈ ਕਰੋੜ ਵਾਲਾ ਮੁੱਦਾ ਫਿਰ ਕਦੇ ਨਹੀਂ ਉੱਠਿਆ। ਉਸ ਦੇ ਖਿਲਾਫ ਦਲ-ਬਦਲੀ ਕਾਨੂੰਨ ਵੀ ਲਾਗੂ ਨਹੀਂ ਕੀਤਾ ਗਿਆ, ਕਿਉਂਕਿ ਉਹ ਭਾਜਪਾ ਲੀਡਰਸ਼ਿਪ ਦੀ ਇੱਛਾ ਦਾ ਮੁਥਾਜ ਬਣ ਗਿਆ ਸੀ।

ਬਾਕੀ ਕਸਰ ਵੋਟਾਂ ਪਾਉਣ ਵਾਲੀਆ ਇਲੈਕਟਰਾਨਿਕ ਮਸ਼ੀਨਾਂ ਦੇ ਨਾਲ ਨਿਕਲ ਚੱਲੀ ਹੈ। ਅਸੀਂ ਬਹੁਤ ਸਾਰੇ ਲੋਕਾਂ ਦਾ ਲਾਇਆ ਇਹ ਦੋਸ਼ ਦੁਹਰਾਉਣ ਦੀ ਲੋੜ ਨਹੀਂ ਸਮਝਦੇ ਕਿ ਮਸ਼ੀਨਾਂ ਨਾਲ ਛੇੜ-ਛਾੜ ਕਰ ਕੇ ਕਿਸੇ ਵੀ ਹੋਰ ਦੀ ਵੋਟ ਭਾਜਪਾ ਦੇ ਪੱਖ ਵਿੱਚ ਭੁਗਤਾਈ ਜਾ ਸਕਦੀ ਹੈ, ਸਗੋਂ ਤਾਜ਼ਾ ਹਾਲਾਤ ਦੀ ਗੱਲ ਕਰਨਾ ਚਾਹੁੰਦੇ ਹਾਂ ਕਿ ਚੋਣਾਂ ਦੌਰਾਨ ਵੋਟ ਮਸ਼ੀਨਾਂ ਰਸਤੇ ਵਿੱਚੋਂ ਗਾਇਬ ਹੋਣ ਅਤੇ ਭਾਜਪਾ ਨਾਲ ਮੋਹ ਵਿਖਾਉਣ ਲੱਗ ਪਈਆਂ ਹਨ। ਪਿਛਲੇਰੇ ਸਾਲ ਹਰਿਆਣੇ ਦਾ ਇੱਕ ਭਾਜਪਾ ਉਮੀਦਵਾਰ ਇਹ ਕਹਿੰਦਾ ਸੁਣਿਆ ਅਤੇ ਵੇਖਿਆ ਗਿਆ ਸੀ ਕਿ ਮਸ਼ੀਨਾਂ ਦੀ ਸੈਟਿੰਗ ਕਰ ਲਈ ਹੈ, ਕੋਈ ਵੀ ਬਟਨ ਦੱਬਿਆ ਗਿਆ ਤਾਂ ਵੋਟ ਭਾਜਪਾ ਨੂੰ ਹੀ ਪੈਣੀ ਹੈ। ਇਸ ਵਾਰੀ ਆਸਾਮ ਵਿੱਚ ਵੋਟ ਮਸ਼ੀਨ ਹੀ ਆਪਣੀ ਗੱਡੀ ਨੂੰ ਖਰਾਬ ਕਰ ਕੇ ਭਾਜਪਾ ਉਮੀਦਵਾਰ ਦੀ ਗੱਡੀ ਵਿੱਚ ਜਾ ਚੜ੍ਹੀ ਹੈ। ਓਥੋਂ ਦੇ ਪੱਥਰਕੰਡੀ ਇਲਾਕੇ ਵਿੱਚ ਭੀੜ ਨੇ ਅਚਾਨਕ ਆਪਣੇ ਕੋਲੋਂ ਲੰਘਦੀ ਇੱਕ ਗੱਡੀ ਵਿੱਚ ਵੋਟਾਂ ਵਾਲੀ ਮਸ਼ੀਨ ਵੇਖੀ ਤਾਂ ਗੱਡੀ ਰੁਕਵਾ ਲਈ। ਗੱਡੇ ਵਿਚਲੇ ਲੋਕ ਓਥੋਂ ਦੌੜ ਗਏ ਤੇ ਗੱਡੀ ਵਿੱਚ ਸਿਰਫ ਵੋਟਾਂ ਵਾਲੀ ਮਸ਼ੀਨ ਪਈ ਹੋਣ ਦੀ ਵੀਡੀਓ ਲੋਕਾਂ ਨੇ ਸੋਸ਼ਲ ਮੀਡੀਆਂ ਉੱਤੇ ਪਾ ਦਿੱਤੀ। ਇਸ ਨਾਲ ਸਾਰੇ ਦੇਸ਼ ਵਿੱਚ ਰੌਲਾ ਪੈ ਗਿਆ, ਪਰ ਭਾਜਪਾ ਦੀ ਚਾਟ ਉੱਤੇ ਲੱਗੇ ਹੋਏ ਚੋਣ ਅਧਿਕਾਰੀਆਂ ਦਾ ਬਿਆਨ ਆਇਆ ਕਿ ਕੋਈ ਖਾਸ ਗੱਲ ਨਹੀਂ ਹੋਈ, ਵੋਟਾਂ ਪਿੱਛੋਂ ਪੋਲਿੰਗ ਪਾਰਟੀ ਜਦੋਂ ਵਾਪਸ ਜਾ ਰਹੀ ਸੀ, ਉਨ੍ਹਾਂ ਦੀ ਗੱਡੀ ਖਰਾਬ ਹੋ ਗਈ ਅਤੇ ਜਿਹੜੀ ਗੱਡੀ ਓਧਰੋਂ ਲੰਘਦੀ ਦਿੱਸੀ, ਉਸ ਵਿੱਚ ਚੜ੍ਹ ਗਏ ਸਨ। ਇਸ ਕਮਾਲ ਦੀ ਕਹਾਣੀ ਵਿੱਚ ਨੁਕਸ ਇਹ ਪੈ ਗਿਆ ਕਿ ਰਾਹ ਜਾਂਦੀ ਜਿਸ ਗੱਡੀ ਵਿੱਚ ਮਸ਼ੀਨ ਪਈ ਸੀ, ਉਸ ਵਿੱਚ ਪੋਲਿੰਗ ਪਾਰਟੀ ਦਾ ਸਟਾਫ ਵੀ ਨਹੀਂ ਸੀ ਤੇ ਉਨ੍ਹਾਂ ਦੀ ਸੁਰੱਖਿਆ ਲਈ ਨਾਲ ਭੇਜੇ ਗਏ ਪੁਲਸ ਵਾਲੇ ਵੀ ਨਾਲ ਨਹੀਂ ਬੈਠੇ ਸਨ। ਅਗਲੀ ਗੱਲ ਇਹ ਕਿ ਗੱਡੀ ਉਸ ਹਲਕੇ ਦੇ ਭਾਜਪਾ ਉਮੀਦਵਾਰ ਦੀ ਪਤਨੀ ਦੇ ਨਾਂਅ ਰਜਿਸਟਰਡ ਸੀ, ਜਿਸ ਦੇ ਸਾਰੇ ਅਰਥ ਆਪਣੇ ਆਪ ਲੱਭ ਜਾਂਦੇ ਹਨ ਤੇ ਕਿਸੇ ਨੂੰ ਵੀ ਇਸ ਕਹਾਣੀ ਦੇ ਪਿੱਛੇ ਲੁਕੇ ਹੋਏ ਕਿੱਸੇ ਨੂੰ ਫੋਲਣ ਦੀ ਲੋੜ ਨਹੀਂ ਰਹਿ ਜਾਂਦੀ।

ਅਸੀਂ ਇਹ ਸੁਣਿਆ ਸੀ ਕਿ ਰੋਬੋਟ ਗੱਲਾਂ ਕਰਨਾ ਸਿੱਖਦੇ ਜਾਂਦੇ ਹਨ ਤੇ ਬੁਲਿਟਨ ਬਣਾ ਦੇਈਏ ਤਾਂ ਉਹ ਖਬਰਾਂ ਵੀ ਪੜ੍ਹ ਸਕਦੇ ਹਨ। ਭਾਰਤ ਜ਼ਿਆਦਾ ਅੱਗੇ ਨਿਕਲ ਗਿਆ ਹੈ। ਏਥੇ ਹੁਨਰ ਦੀ ਕਮਾਲ ਹੈ ਕਿ ਵੋਟ ਮਸ਼ੀਨਾਂ ਇਹ ਸਿੱਖ ਗਈਆਂ ਹਨ ਕਿ ਰਾਹ ਜਾਂਦਿਆਂ ਆਪਣੀ ਗੱਡੀ ਖਰਾਬ ਹੋ ਜਾਵੇ ਤਾਂ ਅਸੀਂ ਕਿਸ ਪਾਰਟੀ ਦੀ ਗੱਡੀ ਵਿੱਚ ਬੈਠਣਾ ਹੈ ਅਤੇ ਸਾਡੇ ਨਾਲ ਕਿਸੇ ਚੋਣ ਅਧਿਕਾਰੀ ਨੂੰ ਵੀ ਜਾਣ ਦੀ ਲੋੜ ਨਹੀਂ, ਅਸੀਂ ਸਾਰਾ ਕੁਝ ਆਪੇ ਕਰ ਲੈਣਾ ਹੈ। ਏਦਾਂ ਦੀ ਹਾਲਤ ਵਿੱਚ ਜੇ ਕੋਈ ਭਾਰਤ ਦੇ ਲੋਕਤੰਤਰੀ ਪ੍ਰਬੰਧ ਨੂੰ ਲੱਗੇ ਖੋਰੇ ਦੀ ਗੱਲ ਕਰੇਗਾ ਤਾਂ ਉਸ ਦੇ ਕਿੰਤੂ ਜਿਹੜੇ ਜਵਾਬ ਦੀ ਉਡੀਕ ਕਰਦੇ ਹਨ, ਉਨ੍ਹਾਂ ਦਾ ਜਵਾਬ ਕਿਸੇ ਨੇ ਨਹੀਂ ਦੇਣਾ। ਉਂਜ ਏਦਾਂ ਦੇ ਕਿੰਤੂਆਂ ਦਾ ਜਵਾਬ ਦੇਣ ਦੀ ਲੋੜ ਵੀ ਕੀ ਹੈ!

# ਲਾਕ ਡਾਊਨ

ਡਾ ਗੁਰਬਖ਼ਸ਼ ਸਿੰਘ ਭੰਡਾਲ



ਹਰ ਪਾਸੇ ਲਾਕ ਡਾਊਨ ਦਾ ਰੌਲਾ। ਜੀਕੂੰ ਜ਼ਿੰਦਗੀ ਵਿਚ ਭੁਚਾਲ। ਅਚਨਚੇਤੀ ਠਹਿਰਾਓ ਤੋਂ ਤ੍ਰਬਕਿਆ ਬੰਦਾ। ਲਾਕ ਡਾਊਨ ਨੂੰ ਹਊਆ ਬਣਾ, ਸਾਹਾਂ ਨੂੰ ਸੂਲੀ ਤੇ ਟੰਗਣ ਦੇ ਆਹਰ ਵਿਚ ਜੀਵਨ ਤੋਰ ਨੂੰ ਲੜਖੜਾ ਰਿਹਾ। ਜੀਵਨ ਦੇ ਉਜਿਆਰਿਆਂ ਨੂੰ ਵੀ ਧੁੰਧਲਾਉਣ ਵੰਨੀਂ ਰੁੱਚਿੱਤ।

ਬੰਦਾ ਜਦ ਆਪਣੇ ਆਪ ਤੋਂ ਬਹੁਤ ਦੂਰ ਚਲੇ ਜਾਂਦਾ ਤਾਂ ਉਸ ਲਈ ਅਜੇਹੀ ਸਥਿੱਤੀ ਨੂੰ ਦੇਖਣਾ, ਸਮਝਣਾ, ਸੰਭਲਣਾ ਅਤੇ ਇਸ 'ਚੋਂ ਕੁਝ ਉਸਾਰੂ ਜਾਂ ਸਚਿਆਰਾ ਕਰਨਾ ਅਸੰਭਵ। ਉਹ ਜ਼ਿੰਦਗੀ ਦੀ ਭੱਜਦੌੜ ਦਾ ਮੋਹਰਾ ਬਣ, ਇਸ ਅਮਾਨਵੀ ਭਟਕਣ ਨੂੰ ਸੱਚ ਸਮਝ, ਜ਼ਿੰਦਗੀ ਦੀ ਸੁੱਚਮਤਾ ਨੂੰ ਅਜਾਈਂ ਗਵਾਉਣ ਲਈ ਕਾਹਲਾ। ਤਾਂ ਹੀ ਉਹ ਜਿਉਂਦਾ ਬਹੁਤ ਘੱਟ ਅਤੇ ਮਰਦਾ ਜ਼ਿਆਦਾ।

ਜੀਵਨ ਦੀ ਇਬਾਰਤ ਨੂੰ ਉਕਰਨ, ਪੜਨ , ਅਤੇ ਜ਼ਿੰਦਗੀ ਦੇ ਖਾਲੀ ਵਰਕਿਆਂ 'ਤੇ ਯੁੱਗ-ਜਿਊਣੀ ਇਬਾਦਤ ਲਿੱਖਣ ਵਾਲੇ ਹੀ ਇਸਦੀ ਸੁੰਦਰਤਾ ਅਤੇ ਸਦੀਵਤਾ ਦਾ ਮਾਣ। ਉਹਨਾਂ ਲਈ ਲਾਕ ਡਾਊਨ ਬੇਮਾਅਨਾ। ਉਹਨਾਂ ਦੀ ਸੋਚ ਵਿਚ ਸਕਾਰਤਮਿਕਤਾ। ਨਾ ਕਿ ਨਕਾਰਤਮਿਕਤਾ ਵਿਚੋਂ ਆਪਣੀ ਕਬਰ ਪੁੱਟਣ ਅਤੇ ਮਰਸੀਆ ਪੜੇ ਜਾਣ ਲਈ ਉਤਾਵਲੇ।

ਲਾਕ ਡਾਊਨ ਨਾਲ ਜੀਵਨ ਖਤਮ ਨਹੀਂ ਹੁੰਦਾ ਅਤੇ ਨਾ ਹੀ ਜ਼ਿੰਦਗੀ ਵਿਚ ਅਜੇਹੀ ਖੜੋਤ ਪੈਣੀ ਜਿਸਨੇ ਇਸਨੂੰ ਅਪੰਗ ਬਣਾਉਣਾ। ਇਹ ਤਾਂ ਵਕਤੀ ਦੌਰ। ਜਲਦੀ ਬੀਤ ਜਾਣਾ। ਸਿਰਫ਼, ਯਾਦ ਰਹਿਣੀਆਂ ਇਸ ਸਮੇਂ ਦੌਰਾਨ ਜਿਊਣ-ਜੋਗੀਆਂ ਉਹ ਕਿਰਿਆਵਾਂ ਜਿਹਨਾਂ ਵਿਚੋਂ ਜੀਵਨ ਦੇ ਸੁਰਖ ਮੁਹਾਂਦਰੇ ਨੂੰ ਨਵੀਂ ਆਭਾ ਅਤੇ ਰੁੱਸ਼ਨਾਈ ਮਿਲਣੀ। ਇਸਨੇ ਸਦੀਵਤਾ ਨੂੰ ਸੁਹੱਪਣ ਅਤੇ ਸੰਜੀਦਗੀ ਬਖਸ਼ਣੀ। ਸਾਹ-ਸੁਰੰਗੀ ਵਿਚੋਂ ਜ਼ਿੰਦਗੀ ਦਾ ਰਿਦਮ ਪੈਦਾ ਕਰੋਗੇ ਤਾਂ ਤਰੰਗਤਾ ਨੂੰ ਆਪਣੀ ਹੋਂਦ ਤੇ ਹਾਸਲ 'ਤੇ ਨਾਜ਼ ਹੋਵੇਗਾ। ਤਾਂ ਹੀ ਕੁਝ ਲੋਕ ਸਾਹ ਪੂਰੇ ਕਰਦੇ ਜਦ ਕਿ ਕੁਝ ਸਾਹਾਂ ਵਿਚੋਂ ਜ਼ਿੰਦਗੀ ਦਾ ਸੁੱਚਮ ਪੜਦੇ। ਉਹਨਾਂ ਲਈ ਸਾਹਾਂ ਦੀ ਅਮਾਨਤ ਸਭ ਤੋਂ ਵੱਡੀ ਇਬਾਦਤ

ਅਤੇ ਇਸਦੀ ਅਕੀਦਤ ਵਿਚੋਂ ਹੀ ਸੁੱਖਨ ਤੇ ਸਕੂਨ, ਮਨੁੱਖ ਦਾ ਨਸੀਬ ਬਣਦਾ।

ਲਾਕ ਡਾਊਨ ਸੋਚ ਵਿਚ ਨਾ ਹੋਵੇ ਤਾਂ ਸੋਚ ਦੇ ਦਾਇਰੇ ਸਦਾ ਵਿਸ਼ਾਲ ਹੁੰਦੇ। ਇਸ 'ਚੋਂ ਉਗਮਦੇ ਨੇ ਨਿੱਤ ਨਵੇਂ ਸੂਰਜ। ਇਹਨਾਂ ਦੀ ਰੌਸ਼ਨੀ ਵਿਚ ਜੀਵਨ-ਰਾਹਾਂ ਨੂੰ ਨਵੀਆਂ ਦਿੱਸਹੱਦਿਆਂ ਅਤੇ ਮੰਜਲ਼ਾਂ ਦਾ ਸਿਰਨਾਵਾਂ ਮਿਲਦਾ। ਸੋਚ ਵਿਚ ਸੰਵੇਦਨਸ਼ੀਲਤਾ, ਸੰਵੇਦਨਾ, ਸੁਹਜ ਅਤੇ ਸਹਿਜਤਾ ਹੋਵੇ ਤਾਂ ਇਸ ਨਾਲ ਸੰਜ਼ਮ, ਸੁਹਿਰਦਤਾ ਅਤੇ ਸਾਦਗੀ ਜੀਵਨ ਦੀ ਨਿਆਮਤ ਬਣਦੀ।

ਜੀਵਨ ਨੂੰ ਨਰੋਈਆਂ ਪੈੜਾਂ ਦਾ ਹਮਸਫ਼ਰ ਬਣਾਇਆ ਜਾ ਸਕਦਾ। ਸੋਚ ਨੂੰ ਲਾਕ ਡਾਊਨ ਦੇ ਹਵਾਲੇ ਨਾ ਕਰੋ ਸਗੋਂ ਇਸਦੀ ਵਸੀਹਤਾ ਨੂੰ ਹੋਰ ਵਿਸ਼ਾਲੋ। ਇਸਦੀ ਕਿਰਨਈ ਕਰਮਾਤ ਹਨੇਰਿਆਂ ਦੀ ਕੁੱਖ ਵਿਚ ਧਰੋ ਅਤੇ ਬੁੱਝੇ ਦੀਵਿਆਂ ਵਿਚ ਚਾਨਣ ਦਾ ਸਾਹ ਭਰੋ।

ਲਾਕ ਡਾਊਨ ਕਦੇ ਵੀ ਸੂਰਜ 'ਤੇ ਲਾਗੂ ਨਹੀਂ ਹੁੰਦਾ। ਚੜਦਾ ਏ ਸੂਰਜ, ਉਗਦੀ ਏ ਸਰਘੀ, ਫੁੱਲਪੱਤੀਆਂ ਨੂੰ ਭਿਉਂਦੇ ਤ੍ਰੇਲ-ਤੁੱਪਕੇ ਤੇ ਲਿਸ਼ਕਦੀ ਏ ਸਤਰੰਗੀ। ਪੰਛੀ ਭਰਦੇ ਲੰਬੀ ਉਡਾਰੀ ਅਤੇ ਬੋਟਾਂ ਦੇ ਹੋਠਾਂ ਤੇ ਧਰ ਜਾਂਦੇ ਨੇ ਸੁੱਖਾਂ ਲੱਧੀ ਉਡੀਕ। ਧੁੱਪ ਨਿੱਤ ਵੰਡਦੀ ਏ ਜੀਵਨ-ਦਾਨ। ਦੁਪਿਹਰੇ ਸੂਰਜ ਜਵਾਨ ਹੁੰਦਾ ਅਤੇ ਫਿਰ ਢਲਦੀ ਸ਼ਾਮ ਦਾ ਰੂਪ ਵਟਾਉਂਦਾ, ਪੱਛਮ ਨੂੰ ਸੰਧੂਰੀ ਕਰ, ਆਪਣੀ ਰੁੱਖਸਤਗੀ ਦਾ ਜਸ਼ਨ ਮਨਾਉਂਦਾ ਅਤੇ ਫਿਰ ਪਰਤਣ ਦੀ ਆਸ, ਕਾਇਨਾਤ ਦੀ ਕੁੱਖ ਵਿਚ ਧਰ ਜਾਂਦਾ। ਸੂਰਜੀ ਸਫ਼ਰ ਵਿਚ ਜੇ ਲਾਕ ਡਾਊਨ ਨਹੀਂ ਤਾਂ ਮਨੁੱਖੀ ਰਾਹਾਂ ਵਿਚ ਲਾਕਡਾਊਨ ਦਾ ਕੋਈ ਅਰਥ ਨਹੀਂ।

ਚੰਦਰਮਾ 'ਤੇ ਕਿਹੜਾ ਲਾਕ ਡਾਊਨ ਲਾਵੋਗੇ ਜਿਸਨੇ ਰਾਤ ਨੂੰ ਰੁੱਸ਼ਨਾਉਣਾ ਹੁੰਦਾ। ਹੌਲੀ ਹੌਲੀ ਵਧਦੇ ਅਕਾਰ ਵਿਚੋਂ ਪੁੰਨਿਆ ਦਾ ਜਨਮ ਅਤੇ ਘੱਟਦੇ ਅਕਾਰ ਨਾਲ ਮੱਸਿਆਂ ਨੂੰ ਧਰਤ ਦੇ ਨਾਮ ਕਰਨਾ। ਘਰ ਦੀ ਛੱਤ ਤੇ ਚੰਨ ਚਾਨਣੀ ਵਿਚ ਨਹਾਉਣ ਤੋਂ ਕੋਈ ਨਹੀਂ ਹੋੜ ਸਕਦਾ ਅਤੇ ਨਾ ਹੀ ਚਾਨਣ ਦੀ ਅੰਗ-ਸੰਗਤਾ ਵਿਚ, ਪਿਆਰਿਆਂ ਨਾਲ ਮੋਹ-ਭਿੱਜੇ ਪਲ ਬਿਤਾਉਣ ਤੋਂ ਕੋਈ ਰੋਕ ਸਕਦਾ। ਚੰਨ-ਮਾਮਾ ਨਾਲ ਗੱਲਾਂ ਕਰਨ ਤੋਂ ਬੱਚਿਆਂ ਨੂੰ ਕਿਵੇਂ ਰੋਕੋਗੇ? ਕਿਵੇਂ ਚੰਦਰਮਾ ਦੀ ਥਾਲੀ ਵਿਚੋਂ

ਦਾਦੀ ਮਾਂ ਦੇ ਤੁਸੱਵਰ ਨੂੰ ਸੋਚ ਵਿਚੋਂ ਮਨਫ਼ੀ ਕਰੋਗੇ? ਅੰਬਰ ਵਿਚ ਕਿਹੜੇ ਲਾਕਡਾਊਨ ਨਾਲ ਚਾਨਣ ਦੀਆਂ ਖਿੱਤੀਆਂ ਨੂੰ ਅਲੋਪ ਕਰੋਗੇ? ਪਰਿੰਦਿਆਂ ਦੀ ਚਹਿਕਣੀ, ਉਹਨਾਂ ਦੀ ਪ੍ਰਵਾਜ਼, ਚੋਗ ਚੁੱਗਣ ਅਤੇ ਸੰਗੀਆਂ ਨਾਲ ਚੋਹਲ ਮੋਹਲ ਕਰਦਿਆਂ 'ਤੇ ਕਿਹੜਾ ਲਾਕ ਡਾਊਨ ਲਾਵੋਗੇ? ਉਹਨਾਂ ਦੀਆਂ ਲੋਟਣੀਆਂ ਨੂੰ ਸੀਮਤ ਦਾਇਰੇ ਅਤੇ ਸਮੇਂ ਵਿਚ ਕਿਵੇਂ ਕੈਦ ਕਰੋਗੇ? ਲਾਕਡਾਊਨ ਤਾਂ ਬੰਦੇ ਵਲੋਂ ਕੀਤੀਆਂ ਖੁਨਾਮੀਆਂ ਕਾਰਨ, ਸਿਰਫ਼ ਬੰਦਿਆਂ ਲਈ, ਬੰਦਿਆਂ ਵਲੋਂ ਲਾਇਆ ਗਿਆ। ਇਸਦੇ ਮਰਨਹਾਰੇ ਸਿੱਟੇ ਵੀ ਮਨੁੱਖ ਨੂੰ ਹੀ ਭੁੱਗਤਣੇ ਪੈਣੇ। ਪਰਿੰਦੇ ਲਾਕਡਾਊਨ ਦੀ ਪੀੜਾ ਕਿਉਂ ਹੰਢਾਉਣ?

'ਵਾ ਦੇ ਬੁੱਲਿਆਂ 'ਤੇ ਕਿਹੜਾ ਲਾਕ ਡਾਊਨ ਲਾਵੋਗੇ? ਇਸਨੇ ਤਾਂ ਮਨੁੱਖ ਨੂੰ ਆਕਸੀਜਨ ਦੇ ਭਰੇ ਭੰਡਾਰ ਵਰਤਾਉਂਦੇ ਰਹਿਣਾ ਤੇ ਜੀਵਨ ਨੂੰ ਧੜਕਾਉਂਦੇ ਰਹਿਣਾ। ਕਾਰਬਨ - ਡਾਇਆਕਸਾਈਡ ਨਾਲ ਬੂਟਿਆਂ ਨੇ ਫੁੱਲਦੇ ਤੇ ਫੱਲਦੇ ਰਹਿਣਾ ਅਤੇ ਨਵੇਂ ਪੁੰਗਾਰਿਆਂ ਅਤੇ ਕਰੂੰਬਲਾਂ ਨੇ ਟਾਹਣੀਆਂ ਨੂੰ ਸ਼ਿੰਗਾਰਦੇ ਰਹਿਣਾ। ਵਗਦੀ ਹਵਾ ਨੇ ਮੁੱੜਕਾ ਵੀ ਸੁਕਾਉਣਾ, ਪੱਤਿਆਂ ਨੂੰ ਸਹਿਲਾਉਣਾ ਵੀ ਅਤੇ ਸੱਜਣਾ ਦਾ ਸੁਨੇਹਾ ਦੂਰ-ਦੇਸ਼ਾਂਤਰਾਂ ਤੀਕ ਵੀ ਪਹੁੰਚਾਣਾ। ਇਹ ਹਵਾ ਹੀ ਹੁੰਦੀ ਜੋ ਹੰਝੂ ਚੂਸਦੀ, ਜਲਵਾਸ਼ਪਾਂ ਦੀ ਵਾਹਕ ਬਣ, ਮਾਰੂਥਲਾਂ ਨੂੰ ਸਿੰਜਦੀ, ਫਸਲਾਂ ਦੀਆਂ ਕਰੂਬਲਾਂ ਤਰ ਕਰਦੀ ਅਤੇ ਰੁੱਖੀ ਤੇ ਰੁਆਂਸੀ ਜ਼ਿੰਦਗੀ ਨੂੰ ਹਰਾ ਭਰਾ ਕਰਦੀ। ਹਵਾ ਨਾ ਰਹੀ ਤਾਂ ਬੰਦਾ ਕਿੰਝ ਧੜਕੇਗਾ? 'ਵਾ ਬਹੁਤ ਸਾਰੇ ਸੂਖ਼ਮ ਸੁਨੇਹੇ ਚੇਤਨਾ ਵਿਚ ਧਰਦੀ। ਕਦੇ ਲਿਖਿਆ ਸੀ;

ਹਵਾ ਬੰਦ ਹੈ<br>
ਦਰਖਤਾਂ ਦੇ ਪੱਤੇ ਨਹੀਂ ਹਿੱਲਦੇ<br>
ਪਹਿਆਂ ਚੋਂ ਘੱਟਾ ਨਹੀਂ ਉਡਦਾ<br>
ਇਸਦਾ ਇਹ ਮਤਲਬ ਨਹੀਂ<br>
ਕਿ ਹਵਾ ਮਰ ਚੁੱਕੀ ਹੈ।<br>
ਇਹ ਤਾਂ ਸਮੋ-ਸੂਚਕ ਏ

ਕਿਸੇ ਆਉਣ ਵਾਲੇ ਭਾਰੀ ਤੁਫ਼ਾਨ ਦੀ।

ਤੂਫ਼ਾਨ ਤੋਂ ਪਹਿਲਾਂ ਜੇ ਅਸੀਂ ਲਾਕ-ਡਾਊਨ ਦੇ ਕਾਰਨਾਂ ਨੂੰ ਦੂਰ ਕਰਨ ਲਈ ਕੁਝ ਉਦਮ ਕਰਾਂਗੇ ਤਾਂ ਲਾਕ ਡਾਊਨ ਦੀ ਨੌਬਤ ਨਹੀਂ ਆਵੇਗੀ।

ਵੱਗਦੇ ਦਰਿਆਵਾਂ ਨੂੰ ਕਿਵੇਂ ਲਾਕ ਡਾਊਨ ਕਰੋਗੇ? ਇਹਨਾਂ ਦੀ ਰਵਾਨੀ ਤੇ ਲਹਿਰਾਂ ਦੇ ਵਿਸਮਾਦੀ ਸੰਗੀਤ ਨੂੰ ਜੀਵਨ ਦੇ ਸੰਦਲੀ ਰੰਗਾਂ ਦੀ ਨਿਸ਼ਾਨਦੇਹੀ ਕਰਨ ਤੋਂ ਕਿਵੇਂ ਹਟਕ ਸਕੋਗੇ? ਦੋ ਕੰਢਿਆਂ ਵਿਚਲੀ ਨਿਸਚਤਾ ਅਤੇ ਇਹਨਾਂ ਦੇ ਮਿਲਾਪ ਦੀ ਸਖ਼ੀ, ਬੇੜੀ ਨੂੰ ਆਪਣੇ ਸਫ਼ਰ ਤੋਂ ਕਿੰਝ ਰੋਕ ਸਕੋਗੇ? ਨਾ ਤਾਂ ਦਰਿਆਵਾਂ ਨੇ ਰੁੱਕਣਾ, ਨਾ ਹੀ ਇਹਨਾਂ ਦੇ ਮੁਹਾਣਾਂ ਨੇ ਅਤੇ ਨਾ ਹੀ ਪਾਣੀ ਦੀ ਬੰਦਿਆਈ ਨੇ ਜੋ ਹਰ ਪਿਆਸੇ ਹੋਠ ਦੀ ਪਿਆਸ ਬੁਝਾਉਂਦੀ। ਖੇੜਿਆਂ ਭਰੇ ਅਤੇ ਹਸਾਸ ਪਲਾਂ ਨੂੰ ਹਰ ਪ੍ਰਾਣੀ ਦੇ ਨਾਮ ਕਰਦੀ।

ਫ਼ਰਜਾਂ, ਜ਼ਿੰਮੇਵਾਰੀਆਂ, ਨਸੀਹਤਾਂ ਅਤੇ ਦੇਣਦਾਰੀਆਂ ਨੂੰ ਕਿਵੇਂ ਲਾਕ ਡਾਊਨ ਕੀਤਾ ਜਾ ਸਕਦਾ? ਇਹ ਆਪਣੇ ਆਪ, ਪਰਿਵਾਰ, ਸਮਾਜ ਜਾਂ ਸੰਸਾਰ ਪ੍ਰਤੀ ਹੁੰਦੀਆਂ। ਆਪਣੇ ਅਕੀਦੇ, ਆਸਥਾ, ਅਰਾਧਨਾ ਜਾਂ ਆਤਮਿਕਤਾ 'ਤੇ ਕਿਹੜਾ ਲਾਕ ਡਾਊਨ ਲਗੇਗਾ ਜੋ ਸੁੱਖਨ ਲਈ ਹੁੰਦੇ। ਇਹ ਤਾਂ ਬੰਦੇ ਦੇ ਅੰਦਰ ਵੱਸਦੇ ਬੱਚੇ ਅਤੇ ਬੱਚੇ ਵਿਚ ਵੱਸਦੇ ਬੰਦੇ ਲਈ ਹੁੰਦੇ ਜੋ ਤਰਜ਼ੀਹਾਂ ਤੇ ਤਮੰਨਾਵਾਂ ਨੂੰ ਨਿਰਧਾਰਤ ਕਰਦਾ ਅਤੇ ਜੀਵਨ ਨੂੰ ਜਿਊਣ ਜੋਗਾ ਕਰਦਾ।

ਭੁੱਖ, ਤ੍ਰੇਹ, ਤ੍ਰਿਸ਼ਨਾ, ਤੱਕਣੀ ਜਾਂ ਤਵੱਜੋਂ 'ਤੇ ਕਿੰਝ ਲਾਕ ਡਾਊਨ ਨਾਜ਼ਲ ਕਰੋਗੇ ਕਿਉਂਕਿ ਅਜੇਹਾ ਕਰਨ 'ਤੇ ਖੁਦ ਹੀ ਮਰੋਗੇ। ਨੀਂਦ ਤੇ ਜਾਗ ਤੇ ਲਾਕ ਡਾਊਨ ਲੱਗ ਹੀ ਨਹੀਂ ਸਕਦਾ। ਨਾ ਹੀ ਭਾਵਨਾਂਵਾਂ ਅਤੇ ਭਲਿਆਈ ਨੂੰ ਬੰਦਸ਼ ਵਿਚ ਰੱਖਿਆ ਜਾ ਸਕਦਾ। ਲਾਕ ਡਾਊਨ ਦੇ ਅਰਥਾਂ ਦੇ ਅਨਰਥ ਨਾ ਕਰੋ ਸਗੋਂ ਸੀਮਤ ਸਾਧਨਾਂ, ਸਮੇਂ ਅਤੇ ਲੋੜਾਂ ਵਿਚੋਂ ਜੀਵਨ ਨੂੰ ਗਤੀ ਅਤੇ ਦਿਸ਼ਾ ਪ੍ਰਦਾਨ ਕਰੋਗੇ ਤਾਂ ਲਾਕ ਡਾਊਨ ਦੀ ਲੋੜ ਨਹੀਂ ਪਵੇਗੀ।

ਲਾਕ ਡਾਊਨ ਜਿਹੜਾ ਤੁਸੀਂ ਅਲਮਾਰੀ ਵਿਚ ਬੰਦ ਪਈਆਂ ਕਿਤਾਬਾਂ 'ਤੇ ਲਾਇਆ, ਉਸਨੂੰ ਹਟਾਓ। ਕਿਤਾਬਾਂ ਨੂੰ ਖੋਲੋ, ਪੜੋ। ਉਹ ਪਾਠਕ ਉਡੀਕਦੀਆਂ। ਹਰਫ਼ਾਂ ਨਾਲ ਸੰਵਾਦ ਰਚਾਓ। ਇਕਾਂਤ ਵਿਚ ਰੂਹ ਦਾ ਆੜੀ ਬਣਾਓ। ਇਸਦੀ

ਸੰਗਤਾ ਵਿਚੋਂ ਜੀਵਨ ਦੀਆਂ ਨਿਆਰੀਆਂ ਕਦਰਾਂ-ਕੀਮਤਾਂ ਅਤੇ ਸੁਹਾਣੀਆਂ ਸੁਮੱਤਾਂ ਨੂੰ ਜੀਵਨ-ਸ਼ੈਲੀ ਦਾ ਅੰਗ ਬਣਾਓ, ਜੀਵਨ ਦੀ ਤਰਕਸੰਗਤਾ ਹੀ ਬਦਲ ਜਾਵੇਗੀ।

ਲ਼ਾਕ ਡਾਊਨ ਜਿਹੜਾ ਨੈਣਾਂ ਦੇ ਨੀਰ ਵਿਚ ਡੁੱਬੇ ਸੁਪਨਿਆਂ 'ਤੇ ਲਾਇਆ ਏ ਉਸ ਵੱਲ ਤਵੱਜੋਂ ਦੇਵੋ। ਸੁਪਨਿਆਂ ਨੂੰ ਅਜ਼ਾਦ ਕਰੋ। ਉਚੀ ਤੇ ਖੁਲੀ ਪ੍ਰਵਾਜ਼ ਭਰਨ ਦਿਓ। ਇਹਨਾਂ ਦੇ ਅੰਦਾਜ਼ ਦੇ ਪਰ ਨਾ ਕੁੱਤਰੋ ਅਤੇ ਨਾ ਹੀ ਅਗਾਜ਼ ਵਿਚ ਰੁਕਾਵਟ ਬਣੋ। ਸੁਪਨੇ ਉਡਾਣ ਭਰਨਗੇ ਤਾਂ ਹੀ ਜੀਵਨ ਸੇਧ ਲਈ ਨਵੀਨਤਮ ਧਰਾਤਲ ਨੂੰ ਖੋਜਣ ਅਤੇ ਪ੍ਰਾਪਤ ਬਖਸ਼ਿਸ਼ਾਂ ਨੂੰ ਅਪਨਾਉਣ ਅਤੇ ਮਾਨਣ ਦਾ ਹੁੰਨਰ ਆਵੇਗਾ।

ਕੋਮਲ ਕਲਾਵਾਂ ਅਤੇ ਅਧੂਰੀਆਂ ਆਸ਼ਾਵਾਂ ਦੀ, ਲਾਕ ਡਾਊਨ ਤੋਂ ਬੰਦ-ਖਲਾਸੀ ਕਰਵਾਓ। ਇਹਨਾਂ ਕਲਾਵਾਂ ਦਾ ਦਮ ਘੁੱਟ ਰਿਹਾ ਏ। ਕੈਨਵਸ ਉਦਾਸ, ਕਲਮ/ਕਾਗਜ ਹਤਾਸ਼ ਅਤੇ ਨਿਰਾਸ਼ ਨੇ ਕਲਾ-ਕਿਰਤਾਂ ਵਿਚ ਉਘੜਨ ਵਾਲੀ ਅਕ੍ਰਿਤੀ। ਸੁੰਨ ਏ ਸੰਦੇਸ਼ ਅਤੇ ਖਾਮੋਸ਼ ਏ ਮਾਨਸਿਕ ਪ੍ਰਭਾਵਾਂ ਦੀ ਜ਼ਰਾ-ਨਿਵਾਜ਼ੀ। ਅਪੂਰਨ ਖ਼ਾਬਾਂ ਨੂੰ ਮੁੜ ਤੋਂ ਮਨ ਦੀ ਮਿੱਟੀ ਵਿਚ ਪੁੰਗਰਨ ਦਿਓ। ਮਨ ਨੂੰ ਤਰ ਕਰੋ ਅਤੇ ਕਲਾ ਦੀਆਂ ਕਲਮਾਂ ਲਾਓ ਤਾਂ ਕਿ ਉਹ ਫੁੱਲ ਬਣਕੇ ਅੰਤਰੀਵ ਨੂੰ ਵੀ ਮਹਿਕਾਉਣ।

ਮੋਹ-ਮੁਹੱਬਤ 'ਤੇ ਜਿਹੜਾ ਲਾਕ ਡਾਊਨ ਲਾਇਆ, ਉਸ ਤੋਂ ਪਰਦਾ ਉਠਾਓ। ਪਿਆਰ ਦੇ ਅਰਥਾਂ ਨੂੰ ਸੀਮਤ ਨਾ ਕਰੋ। ਪਿਆਰ ਕਰੋ ਖੁਦ ਨਾਲ, ਖੁਦਾਈ ਨਾਲ, ਮਨੁੱਖ ਨਾਲ, ਕੁਦਰਤ ਨਾਲ, ਜੀਵਾਂ ਨਾਲ, ਪਿਆਰਿਆਂ ਨਾਲ ਤੇ ਸਾਥੀਆਂ ਨਾਲ। ਬਚਪਨ ਦੇ ਸਾਥੀਆਂ ਨੂੰ ਯਾਦ ਕਰਨ ਤੇ ਤਾਂ ਕੋਈ ਲਾਕ ਡਾਊਨ ਨਾ ਲਾਓ। ਉਹਨਾਂ ਨੂੰ ਫ਼ੋਨ ਕਰੋ। ਬੀਤੇ ਪਲਾਂ ਨੂੰ ਯਾਦ ਕਰਕੇ ਹੱਸੋ। ਚਿੰਤਾਵਾਂ ਅਤੇ ਫ਼ਿਕਰ ਨੇੜੇ ਨਹੀਂ ਢੁੱਕਣਗੇ ਅਤੇ ਤੁਸੀਂ ਉਮਰ ਨੂੰ ਝਕਾਨੀ ਦੇਣ ਵਿਚ ਕਾਮਯਾਬ ਹੋਵੋਂਗੇ। ਆਪਣੇ ਅੰਦਰ ਜਿਊਂਦੇ ਬੱਚੇ ਨੂੰ ਹਾਕ ਮਾਰੋ, ਉਹ ਤੁਹਾਡੇ ਨਾਲ ਹੱਸੇਗਾ ਤੇ ਕੁੱਤਕਤਾਰੀਆਂ ਕੱਢੇਗਾ ਕਿਉਂਕਿ ਬੱਚਾ ਸਭ ਕਾਸੇ ਤੋਂ ਬੇਪ੍ਰਵਾਹ ਹੁੰਦਾ ਅਤੇ ਇਸ ਬੇਪ੍ਰਵਾਹੀ ਨੂੰ ਜਿਊਣਾ, ਸ਼ੁਭ ਸ਼ਗਨ ਹੁੰਦਾ। ਅਜੇਹੇ ਜੀਵਨ ਵਰਤਾਰਿਆਂ ਤੇ ਕੌਣ ਲਾਕ ਡਾਊਨ ਲਾ ਸਕਦਾ?

ਮਨੁੱਖ ਦਾ ਅਦਬ ਤੇ ਅਦਾਬ, ਆਦਰ ਤੇ ਸਤਿਕਾਰ, ਜੀ-ਹਜ਼ੂਰੀ ਅਤੇ ਆਗਿਆਕਾਰੀ ਤੇ ਕਿਹੜਾ ਲਾਕ ਡਾਊਨ ਲਾਵੋਗੇ? ਆਪਣੇ ਆਪ ਨਾਲ ਜੁੜੋ। ਅੰਤਰੀਵੀ ਸੰਵਾਦ ਸੰਗ ਪਲਾਂ ਨੂੰ ਪ੍ਰਵਾਜ਼ ਦਿਓ। ਅਰਦਾਸ ਕਰੋ ਸਰਬੱਤ ਦੇ ਭਲੇ ਦੀ। ਮਾਨਵੀ ਭਲਾਈ ਦੀ, ਹਰੇਕ ਦੀ ਸਿਹਤਯਾਬੀ ਤੇ ਖੁਸਲਹਾਲੀ ਲਈ। ਤਲੀ ਤੇ ਉਗ ਰਹੀ ਸ਼ਗਨਈ ਰੁੱਤ ਲਈ। ਧਾਰਮਿਕਤਾ ਤਾਂ ਜੀਵਨ-ਜਾਚ ਅਤੇ ਇਸ ਤੋਂ ਮੁੱਨਕਰੀ, ਖੁਦਕੁਸ਼ੀ। ਜੀਵਨ-ਜਾਚ ਤੇ ਕਦੇ ਵੀ ਲਾਕ ਡਾਊਨ ਨਾ ਲਾਓ। ਸਗੋਂ ਇਸਦੀ ਪ੍ਰਦਰਸ਼ਤਾ ਅਤੇ ਪਾਰਦਸ਼ਰਤ ਦੀ ਖ਼ੈਰੀਅਤ ਮੰਗੋ। ਜੀਵਨ ਨੂੰ ਪੂਰਨਤਾ ਨਾਲ ਜਿਊਣਾ ਅਤੇ ਭਰਪੂਰਤਾ ਨੂੰ ਸਾਹ-ਸਾਰਥਿੱਕਤਾ ਦੇ ਨਾਮ ਲਾਉਣਾ ਹੀ ਅਸਲ ਵਿਚ ਜ਼ਿੰਦਗੀ। ਅਕੀਦਤ ਲਈ ਬਾਹਰੀ ਲਾਕ ਡਾਊਨ ਨੂੰ ਤੋੜਨ ਦੀ ਲੋੜ ਨਹੀਂ। ਬੰਦੇ ਦੇ ਅੰਦਰ ਵੱਸਦੇ ਸੱਚ ਨੂੰ ਭਾਲਣ ਅਤੇ ਇਸਦੇ ਰੂਬਰੂ ਹੋਣ ਲਈ ਕਿਸੇ ਲਾਕ ਡਾਊਨ ਦੀ ਅਵੱਗਿਆ ਨਹੀਂ। ਸਿਰਫ਼ ਮਾਨਸਿਕਤਾ ਦੀਆਂ ਮੁਹਾਰਾਂ ਅੰਦਰ ਵੰਨੀਂ ਮੋੜਨ ਦੀ ਲੋਚਾ ਪੈਦਾ ਕਰੋ।

ਮਨੁੱਖੀ ਮਨ ਵਿਚ ਉਤਪੰਨ ਹੋ ਰਹੀ ਖੋਜਤਾਮਿਕਤਾ ਅਤੇ ਕਲਾ-ਦ੍ਰਿਸ਼ਟੀ ਨੂੰ ਲਾਕ ਡਾਊਨ ਦੇ ਹਵਾਲੇ ਨਾ ਕਰੋ। ਸਗੋਂ ਇਸਦੇ ਵੱਧਣ ਫੁੱਲਣ ਲਈ ਅਜੇਹੇ ਮੌਕੇ ਜ਼ਿਆਦਾ ਮੌਫ਼ੀਕ ਹੁੰਦੇ। ਭਾਂਵੇਂ ਉਹ ਸੰਗੀਤ, ਨਾਚ, ਪੇਂਟਿੰਗ, ਬੁੱਤ-ਤਰਾਸ਼ੀ, ਪੜਨ-ਲਿਖਣ ਜਾਂ ਹੋਰ ਕਲਾਬਿਰਤੀਆਂ ਨੂੰ ਵਿਗਸਣ ਲਈ ਪ੍ਰੇਰਤ ਕਰਨਾ ਅਤੇ ਰਹਿਨੁਮਾਈ ਕਰਨਾ ਹੋਵੇ। ਇਹਨਾਂ ਤੇ ਲਾਇਆ ਹੋਇਆ ਲਾਕ ਡਾਊਨ ਹੀ ਮਨੁੱਖ ਨੂੰ ਰੋਬੋਟ ਬਣਨ ਵੰਨੀਂ ਧਕੇਲਦਾ ਅਤੇ ਅਜੋਕਾ ਮਨੁੱਖ ਅਜੇਹੀ ਤਰਾਸਦੀ ਦਾ ਸਿੱਖਰ। ਤਾਂ ਹੀ ਮਨੁੱਖੀ ਭਾਵਨਾਵਾਂ ਜਿਊਂਦਿਆਂ ਵੀ ਨਿਰਜਿੰਦ ਹੀ ਰਹਿੰਦੀਆਂ। ਭਾਵਹੀਣ ਮਨੁੱਖ ਵਿਚੋਂ ਮਨੁੱਖੀ ਰਿਸ਼ਤਿਆਂ ਦੀ ਪਛਾਣ, ਸਬੰਧ-ਸੁਗੰਧ ਅਤੇ ਮਹਿਕ ਨੂੰ ਜੀਵਨ-ਤਰੰਗਤਾ ਦੇ ਨਾਮ ਕਿਵੇਂ ਕੀਤਾ ਜਾ ਸਕਦਾ? ਇਸ ਲਈ ਹੀ ਮਨੁੱਖ ਜ਼ਿੰਦਗੀ ਤੋਂ ਉਪਰਾਮ ਹੋਇਆ, ਵਿਵਾਹੁਤਾ ਜੀਵਨ ਤੋਂ ਕਿਨਾਰਾ-ਕਸ਼ੀ ਕਰਦਾ, ਇਕੱਲ ਭੋਗਦਾ, ਕਦੇ ਕਦਾਈਂ ਤਾਂ ਆਤਮ-ਹੱਤਿਆ ਨੂੰ ਆਪਣੀ ਬੰਦ-ਖਲਾਸੀ ਦਾ ਸਾਧਨ ਸਮਝਣ ਤੀਕ ਗਿਰ ਜਾਂਦਾ। ਬੰਦੇ ਲਈ ਜਰੂਰੀ ਹੈ ਕਿ ਉਹ ਬੰਦਾ ਰਹੇ, ਬਿਰਖ਼ ਬਣੇ ਪਰ ਕਦੇ ਵੀ ਧਾਤਾਂ ਅਤੇ ਇੱਟਾਂ ਪੱਥਰਾਂ ਦੇ ਜੰਗਲ ਦਾ ਰੂਪ ਨਾ ਧਾਰੇ ਕਿਉਂਕਿ ਪੱਥਰਾਂ ਦੇ

ਘਰਾਂ ਵਿਚੋਂ ਧੜਕਣ ਹਮੇਸ਼ਾ ਗਾਇਬ ਹੁੰਦੀ। ਇਸ ਵਿਚ ਤਾਂ ਸਿਰਫ਼ ਲੋਥਾਂ ਦੀ ਗਿਣਤੀ ਹੀ ਕੀਤੀ ਜਾ ਸਕਦੀ। ਲਾਕ ਡਾਊਨ ਦੀਆਂ ਪਰਤਾਂ ਕਲਮ ਦੀ ਨੋਕ ਤੇ ਆਪਣਾ ਰੰਗ ਬਿਖੇਰਦੀਆਂ;

ਲਾਕ ਡਾਊਨ ਹੈ<br>
ਸੜਕਾਂ ਸੁੰਨੀਆਂ<br>
ਬਜ਼ਾਰ ਬੰਦ,<br>
ਘਰ ਕੈਦਖ਼ਾਨਾ<br>
ਤੇ ਸਕੂਲਾਂ 'ਚ ਚੁੱਪ।

ਲਾਕ ਡਾਊਨ ਹੈ<br>
ਬੱਚੇ ਦੀ ਹਾਸੀ 'ਤੇ<br>
ਬਾਪ ਦੀ ਸਿੱਸਕੀ 'ਤੇ<br>
ਮਰੀਜ਼ ਦੀ ਹੁੰਗਰ 'ਤੇ<br>
ਤੇ ਰੋਗੀ ਲਈ ਦਵਾਈ 'ਤੇ।

ਪਰ<br>
ਲਾਕ ਡਾਊਨ ਕੌਣ ਲਾਵੇਗਾ<br>
ਤਿੱੜਕਦੀ ਆਸ 'ਤੇ<br>
ਥਿੜਕਦੇ ਧਰਵਾਸ 'ਤੇ<br>
ਟੁੱਟਦੇ ਵਿਸ਼ਵਾਸ਼ 'ਤੇ<br>
ਅਤੇ ਅੱਖਰਦੀ ਅਰਦਾਸ 'ਤੇ?

ਲਾਕ ਡਾਊਨ ਕਿੰਝ ਲੱਗੇਗਾ<br>
ਭਟਕਦੇ ਭਾਵਾਂ 'ਤੇ<br>
ਸੱਖਣੀਆਂ ਇਛਾਵਾਂ 'ਤੇ<br>
ਹੁੰਗਰਦੀਆਂ ਹਵਾਵਾਂ 'ਤੇ<br>
ਤੇ ਸਹਿਕਦੇ ਸਾਹਾਂ 'ਤੇ?

ਲਾਕ ਡਾਊਨ ਲਾਊਣਾ ਹੈ<br>
ਤਾਂ ਲਾਓ<br>
ਆਦਮ-ਖਾਣੀਆਂ ਸੋਚਾਂ 'ਤੇ<br>
ਹੈਵਾਨ ਜੇਹੀਆਂ ਲੋਚਾਂ 'ਤੇ<br>
ਹਾਉਕੇ ਵਰਗੇ ਹੋਸ਼ਾਂ 'ਤੇ<br>
ਤੇ ਖੂੰਘੇ ਦੀਆਂ ਖਰੋਚਾਂ 'ਤੇ?

ਪਰ<br>
ਕਦੇ ਵੀ ਲਾਕ ਡਾਊਨ ਨਾ ਲਾਓ<br>
ਸੁਪਨਿਆਂ ਦੀ ਪ੍ਰਵਾਜ਼ 'ਤੇ<br>
ਜਿਊਣ-ਅੰਦਾਜ਼ 'ਤੇ<br>
ਰੂਹ-ਰੱਤੇ ਰਿਆਜ਼ 'ਤੇ<br>
ਅਤੇ ਗਾਉਂਦੇ ਜੀਵਨ-ਸਾਜ਼ ਤੇ।

ਕਦੇ ਵੀ ਆਪਣੀ ਆਸ ਤੇ ਉਮੀਦ 'ਤੇ ਲਾਕ ਡਾਊਨ ਨਾ ਲਾਇਓ। ਕਿਉਂਕਿ ਆਸ ਜਿਊਂਦੀ ਰਹੇ ਤਾਂ ਉਤਸ਼ਾਹ ਜਿਉਂਦਾ, ਉਮਾਹ ਨੂੰ ਜ਼ਰਬ ਮਿਲਦੀ, ਉਮੰਗਤਾ ਵਿਚ ਨਵੇਂ ਦਿੱਸਹੱਦਿਆਂ ਦੀ ਨਿਸ਼ਾਨਦੇਹੀ ਕਰਨ ਲਈ ਉਤਸੁੱਕਤਾ ਪੈਦਾ ਹੁੰਦੀ। ਆਸ ਨਾਲ ਹੀ ਜਹਾਨ ਹੁੰਦਾ। ਬੀਜ ਬੀਜਣ ਤੇ ਹੀ ਭਰਵੀਂ ਫਸਲ ਹੁੰਦੀ, ਫੁੱਲਾਂ ਅਤੇ ਫਲਾਂ ਦੀ ਰੁੱਤ ਮੌਲਦੀ ਅਤੇ ਭੌਰਿਆਂ ਤੇ ਤਿੱਤਲੀਆਂ ਨੂੰ ਰੰਗਾਂ ਵਿਚ ਰੰਗੇ ਹੋਣ ਦਾ ਵਿਸਮਾਦ ਹੁੰਦਾ। ਆਸ ਦੇ ਲਾਕ ਡਾਊਨ ਹੋਣ 'ਤੇ ਰੀਝਾਂ ਮਰਨਾਓ, ਸੂਲੀ ਤੇ ਟੰਗੀਆਂ ਜਾਂਦੀਆਂ ਸੋਚਾਂ ਅਤੇ ਉਜੜ ਜਾਂਦਾ ਏ ਮਨ ਵਿਚ ਉਮੜਿਆ ਸੁਪਨ-ਸੰਸਾਰ। ਸਭ ਤੋਂ ਅਹਿਮ ਅਤੇ ਮਹੱਤਵਪੂਰਨ ਹੈ ਕਿ ਆਪਣੇ ਸਾਹਾਂ 'ਤੇ ਕਦੇ ਵੀ ਲਾਕ ਡਾਊਨ ਨਾ ਲਾਓ। ਜੇ ਸਾਹ ਹੀ ਲਾਕ ਡਾਊਨ ਹੋ ਗਏ ਤਾਂ ਕਿੰਝ ਧੜਕੇਗਾ ਜ਼ਿੰਦਗੀ ਦਾ ਸਾਜ਼? ਕਿਵੇਂ ਹੋਵੇਗਾ ਨਿਸਦਿਨ ਧੜਕਣ ਦਾ ਰਿਆਜ਼? ਕਿਵੇਂ ਦਿਲ ਦੀਆਂ ਧੜਕਣਾਂ ਜਿਉਂਦੇ ਹੋਣ ਦੀ ਹਾਮੀ ਭਰਨਗੀਆਂ? ਕਿਵੇਂ ਮਨ ਦੀਆਂ ਭਾਵਨਵਾਂ, ਨਵੀਆਂ ਸੰਭਾਵਨਾਵਾਂ ਦੇ ਨਾਮ ਹੋਣਗੀਆਂ? ਸਾਹ ਰਹੇ ਤਾਂ ਮਨੁੱਖ ਦੀਆਂ ਅਭਿਲਾਸ਼ਾ ਜਾਗਦੀ, ਸੁਪਨਿਆਂ ਵਿਚ ਤ੍ਰਿਸ਼ਨਗੀ ਅਤੇ ਤਾਜ਼ਗੀ ਦਾ ਵਸੇਬਾ। ਸਭ ਤੋਂ ਵਿਲੱਖਣ ਕਿ ਮਨੁੱਖ ਲਾਸ਼ ਨਹੀਂ, ਸਗੋਂ ਜਿਉਂਦਾ-ਜਾਗਦਾ, ਹੱਸਦਾ-ਹਸਾਉਂਦਾ, ਰੁੱਸਦਾ-ਰਸਾਉਂਦਾ, ਮੰਨਦਾ-ਮਨਾਉਂਦਾ, ਖੇਡਦਾ-ਖਿਡਾਉਂਦਾ ਅਤੇ ਮਨ ਦੀ ਪ੍ਰਵਾਜ਼ ਨੂੰ ਨਵੀਆਂ ਮੰਜਲਾਂ ਦੇ ਹਾਣ ਦਾ ਬਣਾਉਂਦਾ।

ਲਾਕ ਡਾਊਨ ਲਾਓ ਉਹਨਾਂ ਬੋਲਾਂ, ਸ਼ਬਦਾਂ, ਸਬੰਧਾਂ, ਸੁਪਨਿਆਂ, ਸਰੋਕਾਰਾਂ, ਸੋਚਾਂ, ਸਾਰਥਿੱਕਤਾਵਾਂ 'ਤੇ ਜੋ ਜ਼ਿੰਦਗੀ ਨੂੰ ਬਦਰੰਗ, ਬਦਸੂਰਤ, ਬੇਢੰਗਾ, ਬੇਢੱਬਾ, ਬਦਰੂਪ ਅਤੇ ਬਦਨੀਤ ਕਰਦੇ। ਕਦੇ ਵੀ ਉਹਨਾਂ 'ਤੇ ਲਾਕ ਡਾਊਨ ਨਾ ਲਾਓ ਜੋ ਜ਼ਿੰਦਗੀ ਨੂੰ ਸੁੰਦਰਤਾ, ਸਦੀਵਤਾ, ਸੁੱਖਨ, ਸਕੂਨ, ਸਾਦਗੀ, ਸਿਰੜ, ਸਿਦਕ, ਸਫ਼ਲਤਾ ਅਤੇ ਸਮਰਪਿੱਤਾ ਬਖਸ਼ਦੇ ਨੇ।

ਲਾਕ ਡਾਊਨ ਕਦੇ ਵੀ ਹੱਲ ਤੋਂ ਬਗੈਰ ਨਹੀਂ ਖੁੱਲਦਾ। ਇਸਦਾ ਹੱਲ ਜੀਵਨ-ਸ਼ੈਲੀ ਨੂੰ ਸੁਧਾਰ, ਸੋਚ ਨੂੰ ਪਾਕੀਜ਼ ਕਰ ਅਤੇ ਕੁਦਰਤ ਸੰਗ ਇਕਸਾਰਤਾ ਅਤੇ ਇਕਸੁਰਤਾ ਵਿਚੋਂ ਹੀ ਕਿਆਸਣਾ ਪੈਣਾ। ਬੰਦਾ, ਬੰਦੇ ਨੂੰ

ਮੁਆਫ਼ ਕਰ ਸਕਦਾ ਪਰ ਕੁਦਰਤ ਕਦੇ ਵੀ ਮੁਆਫ਼ ਨਹੀਂ ਕਰਦੀ। ਕੁਦਰਤ ਨਾਲ ਵੈਰ ਨਹੀਂ, ਸਗੋਂ ਪਿਆਰ ਕਰੋ। ਲਾਕ ਡਾਊਨ ਦੇ ਸਮਿਆਂ ਵਿਚ ਬਾਹਰੀ ਲਾਕ ਡਾਊਨ ਲੱਗਣ ਤੇ, ਆਪਣੇ ਅੰਦਰਲੇ ਲਾਕ ਡਾਊਨ ਨੂੰ ਹਟਾਉਣ, ਹਵਾ ਦੇ ਬੁੱਲਿਆਂ ਦੀ ਆਵਾਜਾਈ 'ਚ ਨਿਰੰਤਰਤਾ ਉਪਜਾਉਣ, ਤਾਜੀ ਹਵਾ ਵਿਚ ਸਾਹ ਲੈਣ, ਅੰਤਰੀਵ ਨੂੰ ਖਿਲਾਉਣ ਅਤੇ ਰੂਹ-ਰੇਜ਼ਤਾ ਨੂੰ ਭਰਪੂਰ ਕਰਨ ਵੱਲ ਅਹੁਲੋਗੇ ਤਾਂ ਜੀਵਨ ਦੀਆਂ ਸੁੰਦਰ ਪੈੜਾਂ, ਆਉਣ ਵਾਲੀਆਂ ਪੀਹੜੀਆਂ ਲਈ ਮਾਰਗ-ਦਰਸ਼ਕ ਬਣਨਗੀਆਂ।

ਇਹਨਾਂ ਪੈੜਾਂ ਦੇ ਸੁੱਚੇ ਤੇ ਸੱਚੇ ਹਸਤਾਖਰ ਤਾਂ ਤੁਸੀਂ ਹੀ ਹੋ।



# ਥਾਣੇਦਾਰ ਦੇ ਬੇਟੇ ਨੂੰ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 17 ਲੱਖ ਦੀ ਠੱਗੀ

ਲੁਧਿਆਣਾ, 4 ਅਪ੍ਰੈਲ (ਪੋਸਟ ਬਿਊਰੋ)- ਇੱਕ ਪਰਵਾਰ ਨੇ ਪੁਲਸ ਮੁਲਾਜ਼ਮ ਦੇ ਬੇਟੇ ਨਾਲ ਆਪਣੀ ਬੇਟੀ ਦਾ ਵਿਆਹ ਕਰਵਾਇਆ ਅਤੇ ਵਿਦੇਸ਼ ਭੇਜਣ ਦਾ ਝਾਂਸਾ ਦੇ ਕੇ 17 ਲੱਖ ਰੁਪਏ ਦੀ ਧੋਖਾਧੜੀ ਕਰ ਲਈ ਹੈ। ਪੁਲਸ ਮੁਲਾਜ਼ਮ ਦੀ ਸ਼ਿਕਾਇਤ ਉੱਤੇਲੁਧਿਆਣਾ ਜ਼ਿਲੇ ਦੇ ਥਾਣਾ ਮਿਹਰਬਾਨ ਦੀ ਪੁਲਸ ਨੇ ਕੱਲ੍ਹ ਕੈਪਟਨ ਕਾਲੋਨੀ ਮਿਹਰਬਾਨ ਵਾਸੀ ਪ੍ਰਦੀਪ ਕੁਮਾਰ ਦੇ ਖਿਲਾਫ ਮਾਮਲਾ ਦਰਜ ਕਰ ਲਿਆ ਹੈ।

ਏਥੇ ਥਾਣਾ ਸਦਰ ਦੇਕੁਆਰਟਰ ਨੰਬਰ 23 ਵਿੱਚ ਰਹਿੰਦੇ ਰੋਸ਼ਨ ਲਾਲ ਨੇ ਪੁਲਸ ਨੂੰ ਸ਼ਿਕਾਇਤ ਵਿੱਚ ਦੱਸਿਆ ਕਿ ਉਹ ਪੰਜਾਬ ਪੁਲਸ ਵਿੱਚ ਏ ਐਸ ਆਈ ਹੈ ਅਤੇ ਉਸ ਦਾ ਬੇਟਾ ਬੇਰੋਜ਼ਗਾਰ ਹੈ। ਉਸ ਦੇ ਜਾਣਕਾਰ ਚਰਨਜੀਤ ਨੇ ਦੱਸਿਆ ਕਿ ਕੈਪਟਨ ਕਾਲੋਨੀ ਵਿੱਚ



ਉਸ ਦਾ ਸਾਲਾ ਦੋਸ਼ੀ ਪ੍ਰਦੀਪ ਰਹਿੰਦਾ ਹੈ, ਜਿਸ ਦੀ ਬੇਟੀ ਨੇ ਆਈਲੈਟਸ ਵਿੱਚ ਸੱਤ ਬੈਂਡ ਹਾਸਲ ਕੀਤੇ ਹਨ। ਉਹ ਆਪਣੇ ਸਾਲੇ ਦੀ ਬੇਟੀ ਨਾਲ ਉਸ ਦੇ ਬੇਟੇ ਦਾ ਵਿਆਹ ਕਰਵਾ ਕੇ ਵਿਦੇਸ਼ ਭਿਜਵਾ ਦੇਵੇਗਾ। ਇਸ ਦੇ ਬਾਅਦ ਚਰਨਜੀਤ ਨੇ ਦੋਸ਼ੀ ਪ੍ਰਦੀਪ ਦੇ ਪਰਵਾਰ ਨੂੰ ਮਿਲਾਇਆ। ਲੜਕੀ ਦੇ ਪਿਤਾ ਪ੍ਰਦੀਪ ਅਤੇ ਮਾਂ ਮਮਤਾ ਨੇ ਦੱਸਿਆ ਕਿ ਲੜਕੀ ਨੂੰ ਆਸਟਰੇਲੀਆ ਭੇਜਣ ਦੀ ਫੀਸ ਨਹੀਂ ਹੈ। ਰੋਸ਼ਨ ਲਾਲ ਨੇ ਦੱਸਿਆ ਕਿ ਉਹ ਉਨ੍ਹਾਂ ਦੇ ਝਾਂਸੇ ਵਿੱਚ ਆ ਗਏ ਅਤੇ ਆਪਣਾ ਪਲਾਟ ਵੇਚ ਕੇ ਅਤੇ ਬੈਂਕ ਤੋਂ ਕਰਜ਼ਾ ਲੈ ਕੇ ਲੜਕੀ ਦੇ ਪਹਿਲੇ ਸਮੈਸਟਰ ਦੀ ਫੀਸ ਅਤੇ ਸਾਰਾ ਖਰਚਾ ਕੀਤਾ। ਇਸ ਦੇ ਬਾਅਦ ਲੜਕੀ ਆਸਟਰੇਲੀਆ ਚਲੀ ਗਈ। ਪਰਵਾਰ ਨੇ ਕਿਹਾ ਕਿ ਲੜਕੀ ਪਹਿਲੇ ਸਮੈਸਟਰ ਦੀ ਪੜ੍ਹਾਈ ਕਰ ਕੇ ਛੁੱਟੀ ਵਿੱਚ ਇੰਡੀਆ ਆਏਗੀ ਅਤੇ ਉਨ੍ਹਾਂ ਦੇ ਬੇਟੇ ਨੂੰ ਵੀ ਸਪਾਉਸ ਵੀਜ਼ਾ ਲਵਾ ਕੇ ਲੈ ਜਾਏਗੀ। ਇਸ ਦੇ ਬਾਅਦ ਲੜਕੀ ਭਾਰਤ ਆਈ ਤੇ 2020 ਵਿੱਚ ਵਿਆਹ ਹੋ ਗਿਆ। ਵਿਆਹ ਦੇ ਦੂਸਰੇ ਦਿਨ ਲੜਕੀ ਨੇ ਬੇਟੇ ਨੂੰ ਕਿਹਾ ਕਿ ਉਸ ਕੋਲ ਦੂਸਰੇ ਸਮੈਸਟਰ ਦੀ ਫੀਸ ਨਹੀਂ ਹੈ ਤਾਂ ਉਨ੍ਹਾਂ ਨੇ ਦੂਸਰੇ ਸਮੈਸਟਰ ਦੀ ਫੀਸ ਵੀ ਜਮ੍ਹਾ ਕਰਾ ਦਿਤੀ ਅਤੇ ਫਿਰ ਉਸ ਨੂੰ ਆਸਟਰੇਲੀਆ ਭੇਜ ਦਿੱਤਾ, ਪਰ ਇਸ ਦੇ ਬਾਅਦ ਉਹ ਗੱਲ ਵੀ ਨਹੀਂ ਕਰਦੀ।

# ਜਸਟਿਸ ਮਹਿਤਾਬ ਸਿੰਘ ਗਿੱਲ ਵਿਜੀਲੈਂਸ ਕਮਿਸ਼ਨ ਦੇ ਚੇਅਰਮੈਨ ਬਣੇ

## * ਵਿਸ਼ਵਜੀਤ ਖੰਨਾ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਚੇਅਰਮੈਨ ਹੋਣਗੇ

ਚੰਡੀਗੜ੍ਹ, 4 ਅਪ੍ਰੈਲ (ਪੋਸਟ ਬਿਊਰੋ)- ਪੰਜਾਬ ਸਰਕਾਰ ਨੇ ਵਿਜੀਲੈਂਸ ਕਮਿਸ਼ਨ ਦੇ ਮੁਖੀ ਵਜੋਂ ਪੰਜਾਬ ਹਰਿਆਣਾ ਹਾਈ ਕੋਰਟ ਦੇ ਸੇਵਾਮੁਕਤ ਜੱਜ (ਜਸਟਿਸ) ਮਹਿਤਾਬ ਸਿੰਘ ਗਿੱਲ ਨੂੰ ਨਿਯੁਕਤ ਕੀਤਾ ਹੈ ਅਤੇ ਪੰਜਾਬ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਚੇਅਰਮੈਨ ਵਿਸ਼ਵਜੀਤ ਖੰਨਾ ਨੂੰ ਲਾਉਣ ਦਾ ਫੈਸਲਾ ਕੀਤਾ ਗਿਆ ਹੈ।

ਜਸਟਿਸ ਮਹਿਤਾਬ ਸਿੰਘ ਗਿੱਲ ਵੱਲੋਂ ਅਪ੍ਰੈਲ ਦੇ ਪਹਿਲੇ ਜਾਂ ਦੂਜੇ ਹਫਤੇ ਆਪਣੇ ਅਹੁਦੇ ਦੀ ਸਹੁੰ ਚੁੱਕੇ ਜਾਣ ਦੀ ਸੰਭਾਵਨਾ ਹੈ। ਵਿਸ਼ਵਜੀਤ ਖੰਨਾ 12 ਅਪਰੈਲ ਨੂੰ ਚੇਅਰਮੈਨ ਦਾ ਚਾਰਜ ਲੈ ਸਕਦੇ ਹਨ। ਬਿਜਲੀ ਰੈਗੂਲੇਟਰੀ ਕਮਿਸ਼ਨ ਦੀ ਮੌਜੂਦਾ ਚੇਅਰਪਰਸਨ ਕੁਸੁਮਜੀਤ ਕੌਰ ਸਿੱਧੂ ਦਾ ਕਾਰਜਕਾਲ 13 ਅਪ੍ਰੈਲ ਨੂੰ ਖਤਮ ਹੋਣ ਵਾਲਾ ਹੈ।

ਮੁੱਖ ਮੰਤਰੀ ਦਫਤਰ ਦੇ ਬੁਲਾਰੇ ਨੇ ਦੋਵਾਂ ਨਿਯੁਕਤੀਆਂ ਦੀ ਪੁਸ਼ਟੀ ਕਰਦਿਆਂ ਦੱਸਿਆ ਕਿ ਵਿਸ਼ਵਜੀਤ ਖੰਨਾ ਦੀ ਨਿਯੁਕਤੀ ਬਾਰੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਪ੍ਰਵਾਨਗੀ ਦੇ ਦਿੱਤੀ ਅਤੇ ਪੰਜਾਬ ਦੇ ਗਵਰਨਰ ਵੀ ਪੀ ਸਿੰਘ ਬਦਨੌਰ ਨੇ ਵੀ ਦਸਖਤ ਕਰ ਦਿੱਤੇ ਹਨ।ਜਸਟਿਸ ਮਹਿਤਾਬ ਸਿੰਘ ਗਿੱਲ ਪੰਜਾਬ ਸਰਕਾਰ ਵੱਲੋਂ ਬਣਾਏਗਏ ਵਿਜੀਲੈਂਸ ਕਮਿਸ਼ਨ ਦੇ ਪਹਿਲੇ ਮੁਖੀ ਹੋਣਗੇ। ਸਰਕਾਰ ਨੇ ਕੁਝ ਮਹੀਨੇ ਪਹਿਲਾਂ ਸੂਬਾਈ ਵਿਜੀਲੈਂਸ ਕਮਿਸ਼ਨ ਬਣਾਉਣ ਦਾ ਫੈਸਲਾ ਕੀਤਾ ਸੀ। ਇਸ ਤੋਂ ਬਾਅਦ ਵਿਜੀਲੈਂਸ ਬਿਊਰੋ ਵੱਲੋਂ ਭ੍ਰਿਸ਼ਟਾਚਾਰ ਜਾਂ ਹੋਰਨਾਂ ਕੇਸਾਂ ਉੱਤੇ ਕਾਰਵਾਈ ਕਮਿਸ਼ਨ ਦੀ ਹਰੀ ਝੰਡੀ ਨਾਲ ਕੀਤੀ ਜਾਵੇਗੀ। ਪੰਜਾਬ ਸਰਕਾਰ ਵੱਲੋਂ ਵਿਜੀਲੈਂਸ ਕਮਿਸ਼ਨ ਦੇ ਚੇਅਰਮੈਨ ਸਮੇਤ ਦੋ ਮੈਂਬਰਾਂ ਦੀ ਨਿਯੁਕਤੀ ਦੀ ਵਿਵਸਥਾ ਕੀਤੀ ਹੈ, ਜਿਸ ਲਈ ਸੇਵਾਮੁਕਤ ਆਈ ਏ ਐਸ ਅਧਿਕਾਰੀਆਂ ਵੱਲੋਂ ਕੋਸ਼ਿਸ਼ਾਂ ਜਾਰੀ ਹਨ।

ਵਰਨਣ ਯੋਗ ਹੈ ਕਿ ਕੈਪਟਨ ਅਮਰਿੰਦਰ ਸਿੰਘ ਦੇ ਪਹਿਲੇ ਰਾਜ ਵੇਲੇ ਵੀ ਉਸ ਸਰਕਾਰ ਦੀ ਮਿਆਦ ਮੁੱਕਣ ਤੋਂ ਪਹਿਲਾਂ ਸਾਲ 2006 ਵਿੱਚ ਇਸੇ ਤਰ੍ਹਾਂ ਵਿਜੀਲੈਂਸ ਕਮਿਸ਼ਨ ਬਣਾਇਆ ਗਿਆ ਸੀ। ਫਿਰ ਸਾਲ 2007 ਵਿੱਚ ਅਕਾਲੀ-ਭਾਜਪਾ ਸਰਕਾਰ ਬਣੀ ਤਾਂ ਕਮਿਸ਼ਨ ਭੰਗ ਕਰ ਦਿੱਤਾ ਗਿਆ ਸੀ। ਪੰਜਾਬ ਵਿਜੀਲੈਂਸ ਬਿਊਰੋ ਨੇ ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਅਕਾਲੀ ਦਲ ਦੇ ਮੌਜੂਦਾ ਪ੍ਰਧਾਨ ਸੁਖਬੀਰ ਸਿੰਘ ਬਾਦਲ ਅਤੇ ਅਕਾਲੀ ਦਲ ਦੇ ਕਈ ਨੇਤਾਵਾਂ ਉੱਤੇ ਭ੍ਰਿਸ਼ਟਾਚਾਰ ਦੇ ਕੇਸ ਦਰਜ ਕੀਤੇ ਹੋਏ ਸਨ। ਇਨ੍ਹਾਂ ਵਿੱਚੋਂ ਬਹੁਤੇ ਕੇਸ ਗਵਾਹਾਂ, ਖਾਸ ਕਰ ਕੇ ਵਿਜੀਲੈਂਸ ਅਧਿਕਾਰੀਆਂ ਵੱਲੋਂ ਹੀ ਆਪਣੇ ਪਹਿਲੇ ਬਿਆਨਾਂ ਤੋਂ ਮੁੱਕਰਨ ਕਰ ਕੇ ਵਿਜੀਲੈਂਸ ਦੀ ਕਾਰਗੁਜ਼ਾਰੀ ਉੱਤੇ ਸਵਾਲੀਆ ਨਿਸ਼ਾਨ ਲੱਗ ਗਿਆ ਸੀ। ਇਸੇ ਤਰ੍ਹਾਂ ਅਕਾਲੀ ਸਰਕਾਰ ਸਮੇਂ ਮੌਜੂਦਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਰਣਇੰਦਰ ਸਿੰਘ ਉੱਤੇ ਵੀ ਵਿਜੀਲੈਂਸ ਨੇ ਕੇਸ ਦਰਜ ਕੀਤੇ ਸਨ, ਪਰ ਉਹ ਵੀ ਤਣ-ਪੱਤਣ ਨਹੀਂ ਲੱਗੇ, ਸਗੋਂ ਕੇਸ ਦਰਜ ਕਰਨ ਵਾਲੀ ਸੰਸਥਾ ਹੀ ਕੇਸਬੰਦ ਕਰਨਦੇ ਲਈ ਜ਼ੋਰ ਦੇ ਰਹੀ ਹੈ। ਇਸ ਦੌਰਾਨ ਦੋਸ਼ ਲੱਗਦੇ ਹਨ ਕਿ ਸਮੇਂ ਦੀਆਂ ਸਰਕਾਰਾਂ ਵਿਜੀਲੈਂਸ ਬਿਊਰੋ ਦੀ ਵਰਤੋਂ ਆਪਣੇ ਸਿਆਸੀ ਵਿਰੋਧੀਆਂ ਖਿਲਾਫ ਕਰਦੀਆਂ ਹਨ।

# ਪਿਤਾ ਨਾਲ ਹੋਈ ਬਦਸਲੂਕੀ ਕਾਰਨ ਨਵ-ਵਿਆਹੀ ਨੇ ਵਿਆਹ ਦੇ 18 ਦਿਨ ਬਾਅਦ ਫਾਹਾ ਲਿਆ

ਬਹਾਦੁਰਗੜ੍ਹ, 4 ਅਪ੍ਰੈਲ (ਪੋਸਟ ਬਿਊਰੋ)- ਵਿਆਹ ਦੇ 18 ਦਿਨ ਬਾਅਦ ਸੈਕਟਰ ਸੱਤ ਵਿੱਚ ਸ਼ੁੱਕਰਵਾਰ ਦੇਰ ਰਾਤ ਇੱਕ ਨਵ-ਵਿਆਹੁਤਾ ਨੇ ਫਾਹਾ ਲਾ ਕੇ ਆਤਮਹੱਤਿਆ ਕਰ ਲਈ। ਇਸ ਦੀ ਵਜ੍ਹਾ ਸਹੁਰਿਆਂ ਵੱਲੋਂ ਉਸ ਦੇ ਪਿਤਾ ਨਾਲ ਕੀਤੀ ਬਦਸਲੂਕੀ ਦੱਸੀ ਗਈ ਹੈ। ਪੁਲਸ ਨੇ ਪਿਤਾ ਦੀ ਸ਼ਿਕਾਇਤ ਉੱਤੇ ਜੇਠ ਅਤੇ ਸੱਸ, ਸਹੁਰੇ ਸਮੇਤ ਚਾਰ ਜਣਿਆਂ ਦੇ ਖਿਲਾਫ ਕੇਸ ਦਰਜ ਕਰ ਲਿਆਅਤੇ ਅਗਲੀ ਜਾਂਚ ਕੀਤੀ ਜਾ ਰਹੀ ਹੈ।

ਪਤਾ ਲੱਗਾ ਹੈ ਕਿ ਪ੍ਰਿਅੰਕਾ ਦਾ ਵਿਆਹ 15 ਮਾਰਚ ਨੂੰ ਭਿਵਾਨੀ ਦੇ ਤਿਪੇਂਦਰ ਨਾਲ ਹੋਇਆ ਸੀ। ਸੁਸਾਈਡ ਨੋਟ ਵਿੱਚ ਪ੍ਰਿਅੰਕਾ ਨੇ ਆਪਣੇ ਪਤੀ, ਜੇਠ, ਸੱਸ ਤੇ ਸਹੁਰੇ ਨੂੰ ਆਪਣੀ ਮੌਤ ਦਾ ਜ਼ਿੰਮੇਵਾਰ ਲਿਖਿਆ ਹੈ। ਸਿਵਲ ਹਸਪਤਾਲ ਵਿੱਚ ਮ੍ਰਿਤਕਾ ਦੇ ਪਿਤਾ ਸ੍ਰੀਨਿਵਾਸ ਨੇ ਦੱਸਿਆ ਕਿ ਉਸ ਦੀ ਬੇਟੀ ਨੂੰ ਵਿਆਹ ਦੇ ਬਾਅਦ ਤੋਂ ਹੀ ਉਸ ਦੇ ਸਹੁਰੇ ਦਾਜ ਦੇ ਲਈ ਤੰਗ ਕਰਦੇ ਸਨ। ਇੱਕ ਦਿਨ ਪਹਿਲਾਂ ਉਨ੍ਹਾਂ ਕੋਲ ਪ੍ਰਿਅੰਕਾ ਦੀ ਨਨਾਣ ਦਾ ਫੋਨ ਆਇਆ ਕਿ ਉਹ ਉਸ ਨੂੰ ਆਪਣੇ ਘਰ ਨਹੀਂ ਰੱਖ ਸਕਦੇ। ਉਨ੍ਹਾਂ ਨੇ ਫੋਨ ਉੱਤੇ ਤਣਾਅਪੂਰਨ ਸਥਿਤੀ ਸਮਝਲਈ ਤੇ ਫਲਾਈਟ ਰਾਹੀਂ ਬੰਗਲੌਰ ਗਏ। ਉਸ ਨੇ ਪ੍ਰਿਅੰਕਾ ਦੇ ਸਹੁਰਿਆਂ ਦੇ ਕਾਫੀ ਤਰਲੇ-ਮਿੰਨਤਾਂ ਕੀਤੇ, ਪਰ ਉਨ੍ਹਾਂ ਨੇ ਉਸ ਨਾਲਤੇ ਪ੍ਰਿਅੰਕਾ ਨਾਲ ਬਦਸਲੂਕੀ ਕੀਤੀ ਅਤੇ ਸਕਿਓਰਟੀ ਗਾਰਡ ਤੋਂ ਧੱਕੇ ਮਰਵਾ ਕੇ ਫਲੈਟ ਵਿੱਚੋਂ ਕਢਵਾ ਦਿੱਤਾ। ਸ਼ੁੱਕਰਵਾਰ ਉਹ ਬੇਟੀ ਨੂੰ ਵਾਪਸ ਲਿਆਇਆ ਸੀ। ਪੀੜਤ ਦਾ ਕਹਿਣਾ ਹੈ ਕਿ ਪ੍ਰਿਅੰਕਾ ਇਸ ਨੂੰ ਸਹਿਣ ਨਹੀਂ ਕਰ ਸਕੀ। ਉਸਨੇ ਸ਼ੁੱਕਰਵਾਰ ਦੇਰ ਰਾਤ ਕਮਰੇ ਵਿੱਚ ਫਾਹਾ ਲਾ ਕੇ ਜਾਨ ਦੇ ਦਿੱਤੀ। ਇਸ ਬਾਰੇ ਪੁਲਸ ਜਾਂਚ ਕਰ ਰਹੀ ਹੈ।

# ਭਗੌੜੇ ਨੂੰ ਗ੍ਰਿਫਤਾਰ ਕਰਨ ਗਈ ਪੁਲਸ ਉਤੇ ਹਮਲਾ, 16 ਖਿਲਾਫ ਕੇਸ ਦਰਜ


ਸੁਲਤਾਨਪੁਰ, 4 ਅਪ੍ਰੈਲ (ਪੋਸਟ ਬਿਊਰੋ)- ਇੱਕ ਭਗੌੜੇ ਨੂੰ ਗ੍ਰਿਫਤਾਰ ਕਰਨ ਗਈ ਥਾਣਾ ਸੁਲਤਾਨਪੁਰ ਲੋਧੀ ਦੀ ਪੁਲਸ ਪਾਰਟੀ ਉੱਤੇ ਹਮਲਾ ਕਰਨ ਵਾਲਿਆਂ ਉੱਤੇਪੁਲਸ ਨੇ ਕੇਸ ਦਰਜ ਕੀਤਾ ਹੈ।

ਇਸ ਬਾਰੇ ਐਸ ਐਚ ਓ, ਐਸ ਆਈ ਹਰਜੀਤ ਸਿੰਘ ਨੇ ਦੱਸਿਆ ਕਿ ਚੌਕੀ ਇੰਚਾਰਜ ਮੋਠਾਂਵਾਲਾ ਏ ਐਸ ਆਈ ਜਸਪਾਲ ਸਿੰਘ ਨੂੰ ਕਿਸੇ ਮੁਖਬਰ ਨੇ ਦੱਸਿਆ ਕਿ ਪੁਲਸ ਨੂੰ ਐਨ ਡੀ ਐਸ ਐਕਟ ਹੇਠ ਸਾਲ 2018 ਤੋਂ ਲੋੜੀਂਦਾ ਦੋਸ਼ੀ ਬਲਵਿੰਦਰ ਸਿੰਘ ਉਰਫ ਲਾਡਾ ਵਾਸੀ ਲਾਟੀਆਂਵਾਲਾ ਆਪਣੇ ਘਰ ਹੈ। ਸੂਚਨਾ ਠੀਕ ਹੋਣ ਉੱਤੇ ਏ ਐਸ ਆਈ ਜਸਪਾਲ ਸਿੰਘ ਨੇ ਪੁਲਸ ਨਾਲ ਭਗੌੜਾ ਬਲਵਿੰਦਰ ਸਿੰਘ ਉਰਫ ਲਾਡਾ ਦੇ ਘਰ ਛਾਪਾ ਮਾਰਿਆ, ਜਿੱਥੇ ਬਲਵਿੰਦਰ ਸਿੰਘ ਆਪਣੇ ਪਿਤਾ ਸੁਰਜੀਤ ਸਿੰਘ ਪੁੱਤਰ ਕਿਰਪਾਲ ਸਿੰਘ, ਮੇਹਰ ਸਿੰਘ ਪੁੱਤਰ ਸੁਰਜੀਤ, ਜਿੰਦਰ ਪੁੱਤਰ ਸੁਰਜੀਤ ਸਿੰਘ, ਗੁਰਮੀਤ ਕੌਰ ਪਤਨੀ ਸੁਰਜੀਤ ਸਿੰਘ ਸਾਰੇ ਵਾਸੀ ਲਾਟੀਆਂਵਾਲ ਸਨ। ਏ ਐਸ ਆਈ ਰਜਿੰਦਰ ਸਿੰਘ ਨੇ ਬਲਵਿੰਦਰ ਸਿੰਘ ਲਾਡਾ ਦੀ ਪਛਾਣ ਕੀਤੀ ਤਾਂ ਉਸ ਨੂੰ ਪੁਲਸ ਨੇ ਫੜ ਲਿਆ ਤਾਂ ਸੁਰਜੀਤ ਸਿੰਘ ਪੁੱਤਰ ਕਿਰਪਾਲ ਸਿੰਘ ਨੇ ਰੌਲਾ ਪਾ ਕੇ ਬਲਬੀਰ ਸਿੰਘ ਸਰਪੰਚ, ਗੁਰਮੀਤ ਸਿੰਘ, ਬਲਜਿੰਦਰ ਸਿੰਘ, ਲਖਵੀਰ ਸਿੰਘ ਉਰਫ ਲੱਖਾ, ਗੁਰਦੀਪ ਕੌਰ ਅਤੇ ਹੋਰਨਾਂ ਪੰਜ-ਛੇ ਅਣਪਛਾਤੇ ਲੋਕਾਂ ਨਾਲ ਤੇਜ਼ਧਾਰ ਹਥਿਆਰਾਂ ਨਾਲ ਪੁਲਸ ਉੱਤੇ ਹਮਲਾ ਕਰ ਕੇ ਦੋਸ਼ੀ ਬਲਵਿੰਦਰ ਸਿੰਘ ਉਰਫ ਲਾਡਾ ਛੁਡਾ ਲਿਆ ਤੇ ਫਰਾਰ ਹੋ ਗਏ।ਇਸ ਬਾਰੇ ਪੁਲਸ ਨੇ ਬਲਬੀਰ ਸਿੰਘ ਸਰਪੰਚ ਪੁੱਤਰ ਕਿਰਪਾਲ ਸਿੰਘ ਵਾਸੀ ਲਾਟੀਆਂਵਾਲ ਦੀ ਸ਼ਹਿ ਉੱਤੇ ਪੁਲਸ ਉੱਤੇ ਹਮਲਾ ਕਰਨ ਦੇ ਦੋਸ਼ ਵਿੱਚ ਬਲਵਿੰਦਰ ਸਿੰਘ ਲਾਡਾ, ਸੁਰਜੀਤ ਸਿੰਘ, ਮੇਹਰ ਸਿੰਘ, ਜਿੰਦਰ, ਗੁਰਮੀਤ ਕੌਰ, ਬਲਬੀਰ ਸਿੰਘ ਸਰਪੰਚ, ਗੁਰਮੀਤ ਸਿੰਘ, ਬਲਜਿੰਦਰ ਸਿੰਘ ਮੋਟਾ, ਲਖਵੀਰ ਸਿੰਘ ਲੱਖਾ, ਗੁਰਦੀਪ ਕੌਰ ਸਾਰੇ ਵਾਸੀ ਲਾਟੀਆਂਵਾਲ ਅਤੇ ਛੇ ਅਣਪਛਾਤਿਆਂ ਉੱਤੇਕੇਸ ਦਰਜ ਕੀਤਾ ਹੈ।ਥਾਣਾ ਮੁਖੀ ਨੇ ਦੱਸਿਆ ਕਿ ਉਕਤ ਭਗੌੜੇ ਤੇ ਹੋਰ ਦੋਸ਼ੀਆਂ ਖਿਲਾਫ ਪੁਲਸ ਵੱਲੋਂ ਗ੍ਰਿਫਤਾਰ ਕਰਨ ਲਈ ਲਗਾਤਾਰ ਛਾਪੇਮਾਰੀ ਜਾਰੀ ਹੈ।

# ਸਰਕਾਰੀ ਨੌਕਰੀ ਦਾ ਝਾਂਸਾ ਦੇ ਕੇ ਠੱਗਣ ਵਾਲੇ ਤਿੰਨ ਜਣੇ ਕਾਬੂ

ਚੰਡੀਗੜ੍ਹ, 4 ਅਪ੍ਰੈਲ (ਪੋਸਟ ਬਿਊਰੋ)- ਹਰਿਆਣਾ, ਪੰਜਾਬ ਤੇ ਚੰਡੀਗੜ੍ਹ ਵਿੱਚ ਸਰਕਾਰੀ ਨੌਕਰੀ ਲਵਾਉਣ ਦਾ ਝਾਂਸਾ ਦੇ ਕੇ ਠੱਗੀ ਮਾਰਨ ਵਾਲੇ ਗੈਂਗ ਦੇ ਤਿੰਨ ਬੰਦਿਆਂ ਨੂੰ ਪੁਲਸ ਨੇ ਸੈਕਟਰ 43 ਬੱਸ ਸਟੈਂਡ ਤੋਂ ਫੜਿਆ ਹੈ।

ਪਤਾ ਲੱਗਾ ਹੈ ਕਿ ਗ੍ਰਿਫਤਾਰ ਦੋਸ਼ੀਆਂ ਨੇ ਦੋ ਨੌਜਵਾਨਾਂ ਨੂੰ ਫਾਰੈਸਟ ਗਾਰਡ ਦੀ ਨੌਕਰੀ ਦਿਵਾਉਣ ਦੇ ਨਾਂਅ ਉੱਤੇ ਪੈਸੇ ਲੈ ਕੇ ਫਰਜ਼ੀ ਜੁਆਇਨਿੰਗ ਲੈਟਰ ਤੱਕ ਦੇ ਦਿੱਤਾ ਸੀ। ਦੋਸ਼ੀਆਂ ਦੀ ਪਛਾਣ ਸੰਗਰੂਰ ਦੇ ਨੀਲੋਵਾਲ ਵਾਸੀ ਬਲਬੀਰ ਸਿੰਘ, ਖਰੜ ਦੀ ਸੰਨੀ ਇਨਕਲੇਵ ਦੇ ਗੋਪਾਲ ਸਿੰਘ ਅਤੇ ਖਰੜ ਦੇ ਮਨੋਜ ਕੁਮਾਰ ਵਜੋਂ ਹੋਈ ਹੈ। ਸੈਕਟਰ 36 ਥਾਣਾ ਪੁਲਸ ਨੇ ਦੋਸ਼ੀਆਂ ਨੂੰ ਕੋਰਟ ਵਿੱਚ ਪੇਸ਼ ਕਰ ਕੇ ਦੋ ਦਿਨ ਦਾ ਰਿਮਾਂਡ ਲਿਆ ਹੈ। ਪਟਿਆਲਾ ਦੇ ਗਗਨਦੀਪ ਸਿੰਘ ਨੇ ਸ਼ਿਕਾਇਤ ਵਿੱਚ ਦੱਸਿਆ ਕਿ ਉਸ ਦੇ ਦੋਸਤ ਮੱਖਣ ਸਿੰਘ ਨੇ ਨੌਕਰੀ ਲਈ ਮਨੋਜ ਤੇ ਗੋਪਾਲ ਨਾਲ ਸੰਪਰਕ ਕੀਤਾ ਸੀ। ਦੋਵਾਂ ਨੇ ਉਸ ਨੂੰ ਫਾਰੈਸਟ ਗਾਰਡ ਲਵਾਉਣ ਦੀ ਗੱਲ ਕਹਿ ਕੇ ਆਪਣੇ ਸਾਥੀ ਬਲਬੀਰ ਨਾਲ ਮੁਲਾਕਾਤ ਕਰਵਾਈ। ਇਸ ਦੇ ਬਾਅਦ ਉਸ ਨੇ ਦੋਸਤ ਮੱਖਣ ਸਿੰਘ ਨੂੰ ਨੌਕਰੀ ਲਵਾਉਣ ਦੇ ਨਾਂਅ ਉੱਤੇ ਦੋ ਲੱਖ ਰੁਪਏ ਲੈ ਲਏ। ਜਦ ਫਾਰੈਸਟ ਡਿਪਾਰਟਮੈਂਟ ਤੋਂ ਪਤਾ ਕੀਤਾ ਤਾਂ ਗਾਰਡ ਦੀ ਪੋਸਟ ਨਾ ਨਿਕਲਣ ਦੀ ਜਾਣਕਾਰੀ ਮਿਲੀ, ਜਿਸਦੀ ਸ਼ਿਕਾਇਤ ਸੈਕਟਰ 36 ਥਾਣੇ ਦੀ ਪੁਲਸ ਵਿੱਚ ਕੀਤੀ ਗਈ।ਦੋ ਅਪ੍ਰੈਲ 2020 ਨੂੰ ਤਿੰਨਾਂ ਦੋਸ਼ੀਆਂ ਨੇ ਮੱਖਣ ਸਿੰਘ ਅਤੇ ਗਗਨਦੀਪ ਸਿੰਘ ਨੂੰ ਜੁਆਇਨਿੰਗ ਲੈਟਰ ਅਤੇ ਆਈਕਾਰਡ ਦੇਣ ਲਈ ਸੈਕਟਰ 43 ਦੇ ਬੱਸ ਸਟੈਂਡ 'ਤੇ ਬੁਲਾ ਲਿਆ ਤਾਂ ਐਸ ਐਚ ਓ ਮਨਿੰਦਰ ਸਿੰਘ ਅਤੇ ਬੱਸ ਸਟੈਂਡ ਚੌਕੀ ਪੁਲਸ ਨੇ ਟ੍ਰੈਪ ਲਾ ਕੇ ਦੋਸ਼ੀਆਂ ਨੂੰ ਫੜ ਲਿਆ। ਦੋਸ਼ੀਆਂ ਦੇ ਕੋਲੋਂ ਫਰਜ਼ੀ ਜੁਆਇਨਿੰਗ ਲੈਟਰ ਅਤੇ ਆਈ ਕਾਰਡ ਵੀ ਬਰਾਮਦ ਹੋਇਆ ਹੈ।




# ਕੇਂਦਰੀ ਪੁਰਸਕਾਰਾਂ ਲਈ ਪਿੰਡ ਨੂਰਪੁਰ ਲੁਬਾਣਾ ਤੇ ਸੰਗੋਜਲਾ ਦੀ ਚੋਣ

## ਪੰਚਾਇਤਾਂ ਤੇ ਪਿੰਡ ਵਾਸੀਆਂ ਨੂੰ ਮੁਬਾਰਕਬਾਦ- ਹੋਰ ਪੰਚਾਇਤਾਂ ਪ੍ਰੇਰਨਾ ਲੈਣ : ਦੀਪਤੀ ਉੱਪਲ

ਢਿਲਵਾਂ-ਕਪੂਰਥਲਾ, 4 ਅਪ੍ਰੈਲ (ਗਿਆਨ ਸਿੰਘ ) ਪੰਜਾਬ ਵਿਚੋਂ 9 ਗ੍ਰਾਮ ਪੰਚਾਇਤਾਂ ਨੂੰ ਵੱਖੋ-ਵੱਖਰੀ ਸ਼੍ਰੇਣੀ ਵਿਚ ਕੌਮੀ ਪੁਰਸਕਾਰ ਲਈ ਚੁਣਿਆ ਗਿਆ ਹੈ। ਕਪੂਰਥਲਾ ਜਿਲ੍ਹੇ ਦੇ ਬਲਾਕ ਢਿਲਵਾਂ ਦੇ ਪਿੰਡ ਸੰਗੋਜਲਾ ਦੀ ਪੰਚਾਇਤ ਨੂੰ ਦੀਨ ਦਇਆਲ ਉਪਾਧਿਆਇ ਪੰਚਾਇਤ ਸ਼ਸ਼ਕਤੀਕਰਨ ਪੁਰਸਕਾਰ ਅਤੇ ਪੰਚਾਇਤ ਨੂਰਪੁਰ ਲੁਬਾਣਾ ਨੂੰ ਬਾਲ ਮਿੱਤਰਤਾਈ ਪੁਰਸਕਾਰ' ਲਈ ਕੇਂਦਰੀ ਪੇਂਡੂ ਵਿਕਾਸ ਮੰਤਰਾਲੇ ਵਲੋਂ ਚੁਣਿਆ ਗਿਆ ਹੈ।

ਡਿਪਟੀ ਕਮਿਸ਼ਨਰ ਦੀਪਤੀ ਉੱਪਲ ਨੇ ਪੁਰਸਕਾਰ ਲਈ ਚੁਣੀਆਂ ਗਈਆਂ ਪੰਚਾਇਤਾਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਪੰਜਾਬ ਸਰਕਾਰ ਵਲੋਂ ਸਮਾਰਟ ਵਿਲੇਜ਼' ਯੋਜਨਾ ਤਹਿਤ ਪਿੰਡਾਂ ਦੇ ਸਰਬਪੱਖੀ ਵਿਕਾਸ ਲਈ ਕੀਤੇ ਜਾ ਰਹੇ ਕੰਮਾਂ , ਪੰਚਾਇਤਾਂ ਦੀ ਸ਼ਾਨਦਾਰ ਕਾਰਗੁਜ਼ਾਰੀ ਸਦਕਾ ਹੀ ਇਹ ਪੁਰਸਕਾਰ ਸੰਭਵ ਹੋਏ ਹਨ। ਉਨ੍ਹਾਂ ਕਿਹਾ ਕਿ ਇਸ





ਨਾਲ ਬਾਕੀ ਪੰਚਾਇਤਾਂ ਨੂੰ ਵੀ ਹੋਰ ਤਨਦੇਹੀ ਨਾਲ ਕੰਮ ਕਰਨ ਦੀ ਪ੍ਰੇਰਨਾ ਮਿਲੇਗੀ।

ਦੀਪਤੀ ਉੱਪਲ ਨੇ ਦੱਸਿਆ ਕਿ ਪੰਜਾਬ ਸਰਕਾਰ ਵਲੋਂ ਇਨ੍ਹਾਂ ਪਿੰਡਾਂ ਅੰਦਰ ਵਿਕਾਸ ਕਾਰਜ ਕਰਵਾਏ ਗਏ ਅਤੇ ਪੰਚਾਇਤ ਵਲੋਂ ਸ਼ਾਨਦਾਰ ਕੰਮ ਕੀਤਾ ਗਿਆ। ਪਿੰਡ ਸੰਗੋਜਲਾ ਅੰਦਰ 10 ਲੱਖ ਰੁਪੈ ਤੋਂ ਜਿਆਦਾ ਦੀ ਲਾਗਤ ਨਾਲ ਇੰਟਰਲਾਕ ਟਾਇਲਾਂ ਲਾਈਆਂ ਗਈਆਂ, 10 ਲੱਖ ਰੁਪੈ ਦੀ ਲਾਗਤ ਨਾਲ ਸੀਵਰੇਜ਼ ਪਾਇਆ ਗਿਆ। ਇਸ ਤੋਂ ਇਲਾਵਾ 3 ਲੱਖ ਰੁਪੈ ਨਾਲ ਪੰਚਾਇਤ ਘਰ ਦੀ ਉਸਾਰੀ ਦੇ ਨਾਲ-ਨਾਲ ਮਗਨਰੇਗਾ ਤਹਿਤ ਖੇਡ ਗਰਾਉਂਡ ਦੀ ਉਸਾਰੀ ਉੱਪਰ 4.5 ਲੱਖ ਤੇ ਡੇਰੇ-ਢਾਣੀਆਂ ਨੂੰ ਰਸਤਿਆਂ ਉੱਪਰ 4 ਲੱਖ ਰੁਪੈ ਖਰਚ ਕੀਤੇ ਗਏ। ਪਿੰਡ ਨੂਰਪੁਰ ਲੁਬਾਣਾ ਵਿਖੇ ਸਰਕਾਰੀ ਸਕੂਲ ਨੂੰ ਸਮਾਰਟ ਸਕੂਲ ਵਜੋਂ ਵਿਕਸਤ ਕਰਕੇ ਬੱਚਿਆਂ ਦੀ ਪੜ੍ਹਾਈ ਤੇ ਸਰਬਪੱਖੀ ਵਿਕਾਸ ਲਈ ਢੁਕਵਾਂ ਮਾਹੌਲ ਸਿਰਜਿਆ ਗਿਆ ,ਜਿਸਦੀ ਚੋਣ ਬਾਲ ਮਿੱਤਰਤਾਈ ਪੁਰਸਕਾਰ' ਲਈ ਹੋਈ ਹੈ। ਇਸ ਤੋਂ ਇਲਾਵਾ ਬੱਚਿਆਂ ਦੀ ਭਲਾਈ ਲਈ ਸਰਕਾਰੀ ਯੋਜਨਾਵਾਂ ਨੂੰ ਸਫਲਤਾ ਪੂਰਵਕ ਲਾਗੂ ਕਰਨਾ, ਪੜ੍ਹਾਈ ਦੇ ਨਾਲ-ਨਾਲ ਹੋਰ ਸਮਾਜਿਕ ਤੇ ਖੇਡ ਗਤੀਵਿਧੀਆਂ ਦਾ ਆਯੋਜਨ ਵੀ ਪੁਰਸਕਾਰ ਦੀ ਚੋਣ ਵਿਚ ਅਹਿਮ ਰਿਹਾ।

ਉੱਪਲ ਨੇ ਦੱਸਿਆ ਚੁਣੀਆਂ ਗਈਆਂ ਪੰਚਾਇਤਾਂ ਨੂੰ ਪ੍ਰਧਾਨ ਮੰਤਰੀ ਵਲੋਂ 21 ਅਪ੍ਰੈਲ ਨੂੰ ਨਵੀਂ ਦਿੱਲੀ ਵਿਖੇ ਕੌਮੀ ਪੰਚਾਇਤੀ ਰਾਜ ਦਿਵਸ ਮੌਕੇ ਇਹ ਪੁਰਸਕਾਰ ਦਿੱਤੇ ਜਾਣਗੇ, ਜਿਸ ਤਹਿਤ ਤਕਰੀਬਨ 10 ਲੱਖ ਰੁਪੈ ਦੀ ਰਾਸ਼ੀ ਪਿੰਡ ਦੇ ਵਿਕਾਸ ਲਈ ਦਿੱਤੀ ਜਾਂਦੀ ਹੈ।

# ਪਹਿਲੀ ਪਤਨੀ ਦੀ ਸਹਿਮਤੀ ਹੈ ਤਾਂ ਦੂਸਰੀ ਨੂੰ ਪੈਨਸ਼ਨ ਸਣੇ ਸਾਰੇ ਲਾਭ ਦੇਣੇ ਹੋਣਗੇ : ਹਾਈ ਕੋਰਟ

ਚੰਡੀਗੜ੍ਹ, 4 ਅਪ੍ਰੈਲ (ਪੋਸਟ ਬਿਊਰੋ)-ਕਿਸੇ ਫੌਜੀ ਦੀ ਸਾਬਕਾ ਪਤਨੀ ਉਸ ਦੀ ਦੂਸਰੀ ਪਤਨੀ ਨੂੰ ਪੈਨਸ਼ਨ ਅਤੇ ਹੋਰ ਲਾਭ ਦੇਣ ਨੂੰ ਰਾਜ਼ੀ ਹੈ ਤਾਂ ਫੌਜ ਨੂੰ ਉਸ ਨੂੰ ਸਾਰੇ ਲਾਭ ਦੇਣੇ ਹੋਣਗੇ। ਪੰਜਾਬ ਹਰਿਆਣਾ ਹਾਈ ਕੋਰਟ ਨੇ ਇਹ ਫੈਸਲਾ ਦਿੰਦੇ ਹੋਏ ਭਾਰਤੀ ਫੌਜ ਦੇ ਤੋਪਖਾਨੇ ਦੇ ਰਿਕਾਰਡ ਦਫਤਰ ਦੇ ਅਧਿਕਾਰੀ ਦੀ ਅਪੀਲ ਰੱਦ ਕਰ ਦਿੱਤੀ ਹੈ।

ਅਸਲ ਵਿੱਚ ਫੌਜੀ ਅਧਿਕਾਰੀਆਂਦੀ ਦਲੀਲ ਸੀ ਕਿ ਪੈਨਸ਼ਨ ਤੇ ਬਾਕੀ ਸਾਰੇ ਲਾਭ ਦਲਜੀਤ ਕੌਰ ਨੂੰ ਨਹੀਂ ਦਿੱਤੇ ਜਾ ਸਕਦੇ, ਕਿਉਂਕਿ ਬੰਤ ਕੌਰ ਨੇ ਮਹਿੰਦਰ ਸਿੰਘ ਤੋਂ ਵਿਧਾਨਕ ਰੂਪ ਤੋਂ ਕਦੇ ਤਲਾਕ ਨਹੀਂ ਲਿਆ ਅਤੇ ਫੌਜ ਦੇ ਸਾਰੇ ਰਿਕਾਰਡ ਵਿੱਚ ਅੱਜ ਤੱਕ ਪਤਨੀ ਵਜੋਂ ਉਸੇ ਦਾ ਨਾਂਅ ਹੈ। ਇਸ ਦੀ ਕਹਾਣੀ ਇਹ ਹੈ ਕਿ ਅੰਬਾਲਾ ਦੇ ਫੌਜੀ ਮਹਿੰਦਰ ਸਿੰਘ ਦਾ ਵਿਆਹ ਬੰਤ ਕੌਰ ਨਾਲ ਹੋਇਆ ਸੀ, ਪਰ ਬੰਤ ਕੌਰ ਨੇ ਅਦਾਲਤੀ ਤਲਾਕ ਤੋਂ ਛੱਡ-ਛੁਡਾਅ ਕਰ ਕੇ ਦੂਸਰਾ ਵਿਆਹ ਕਰਵਾ ਲਿਆ। ਕੁਝ ਦਿਨਾਂ ਬਾਅਦ ਮਹਿੰਦਰ ਸਿੰਘ ਨੇ ਦਲਜੀਤ ਕੌਰ ਨਾਲ ਵਿਆਹ ਕਰ ਲਿਆ। ਉਸ ਦੇ ਦਿਹਾਂਤ ਦੇ ਬਾਅਦ ਦਲਜੀਤ ਕੌਰ ਨੇ ਪੈਨਸ਼ਨ ਅਤੇ ਹੋਰ ਲਾਭ ਲੈਣ ਦੀ ਅਰਜ਼ੀ ਦਿੱਤੀ ਤਾਂ ਫੌਜ ਨੇ ਇਹ ਕਹਿ ਕੇ ਰੱਦ ਕਰ ਦਿੱਤੀ ਕਿ ਫੌਜੀ ਰਿਕਾਰਡ ਵਿੱਚ ਬੰਤ ਕੌਰ ਦਾ ਨਾਂਅ ਪਤਨੀ ਵਜੋਂ ਲਿਖਿਆ ਹੈ। ਦਲਜੀਤ ਕੌਰ ਨੇ ਸਥਾਨਕ ਅਦਾਲਤ ਵਿੱਚ ਕੇਸ ਦਾਇਰ ਕੀਤਾ ਤਾਂ ਫੈਸਲਾ



ਉਨ੍ਹਾਂ ਦੇ ਹੱਕ ਵਿੱਚ ਆਇਆ, ਪਰ ਫੌਜ ਨੇ ਹਾਈ ਕੋਰਟ ਵਿੱਚ ਅਪੀਲ ਕਰ ਦਿੱਤੀ। ਸਥਾਨਕ ਅਦਾਲਤ ਵਿੱਚ ਬੰਤ ਕੌਰ ਨੇ ਬਿਆਨ ਦਿੱਤਾ ਸੀ ਕਿ ਉਸ ਦਾ ਵਿਆਹ 1960 ਵਿੱਚ ਮਹਿੰਦਰ ਸਿੰਘ ਨਾਲ ਹੋਇਆ ਸੀ, ਪਰ ਮਹਿੰਦਰ ਸਿੰਘ ਨੇ ਉਸ ਨੂੰ 1964 ਵਿੱਚ ਛੱਡ ਦਿੱਤਾ ਤਾਂ ਉਸ ਨੇ ਕਰਤਾਰ ਸਿੰਘ ਨਾਲ ਵਿਆਹ ਕਰ ਲਿਆ ਸੀ। ਬੰਤ ਕੌਰ ਨੇ ਕਿਹਾ ਕਿ ਫੌਜ ਵੱਲੋਂ ਪੈਨਸ਼ਨ ਜਾਂ ਹੋਰ ਲਾਭ ਦਲਜੀਤ ਕੌਰ ਨੂੰ ਦੇਣ ਉੱਤੇ ਉਸ ਨੂੰ ਕੋਈ ਇਤਰਾਜ਼ ਨਹੀਂ।

ਕੋਰਟ ਨੇ ਕਿਹਾ ਕਿ ਜਦ ਸਾਬਕਾ ਪਤਨੀ ਦੂਸਰੀ ਪਤਨੀ ਦੇ ਹੱਕ ਵਿੱਚ ਬਿਆਨ ਦੇ ਰਹੀ ਹੈ ਤਾਂ ਫੌਜ ਦੇ ਅਫਸਰ ਮਰਹੂਮ ਫੌਜੀ ਵੱਲੋਂ ਆਪਣੀ ਪਹਿਲੀ ਪਤਨੀ ਤੋਂ ਤਲਾਕ ਦੇ ਸਰਟੀਫਿਕੇਟ ਉੱਤੇ ਜ਼ੋਰ ਨਹੀਂ ਦੇ ਸਕਦੇ। ਮਹਿੰਦਰ ਸਿੰਘ ਨੇ ਬਿਨਾਂ ਸ਼ੱਕ ਦਲਜੀਤ ਦੇ ਨਾਲ ਦੂਸਰਾ ਵਿਆਹ ਕੀਤਾ ਸੀ ਅਤੇ ਉਸ ਦੇ ਚਾਰ ਬੱਚੇ ਹਨ, ਪਹਿਲੀ ਪਤਨੀ ਬੰਤ ਕੌਰ ਨੇ ਵੀ ਕਰਤਾਰ ਸਿੰਘ ਦੇ ਨਾਲ ਦੂਸਰਾ ਵਿਆਹ ਕਰਵਾ ਲਿਆ ਸੀ ਤਾਂ ਕੋਈ ਵਿਵਾਦ ਨਹੀਂ ਰਹਿਣਾ ਚਾਹੀਦਾ।

## ਭਾਰਤ ਸਰਕਾਰ ਦਾ ਸਪੱਸ਼ਟੀਕਰਨ: ਮਾਨਸਕਿ ਰੋਗੀਆਂ ਬਾਰੇ ਸਾਡਾ ਪੱਤਰ ਕਿਸਾਨ ਅੰਦੋਲਨ ਨਾਲ ਸਬੰਧਤ ਨਹੀਂ

ਨਵੀਂ ਦਿੱਲੀ, 4 ਅਪ੍ਰੈਲ (ਪੋਸਟ ਬਿਊਰੋ)- ਭਾਰਤ ਦੇ ਕੇਂਦਰੀ ਗ੍ਰਹਿ ਮੰਤਰਾਲੇ ਨੇ ਪੰਜਾਬ ਤੋਂ ਬਚਾਏ ਗਏ 58 ਬੰਧੂਆ ਮਜ਼ਦੂਰਾਂ ਦੀ ਮਾੜੀ ਹਾਲਤ ਬਾਰੇ ਪੰਜਾਬ ਸਰਕਾਰ ਨੂੰ ਲਿਖੇ ਪੱਤਰ ਨੂੰ ਕਿਸਾਨ ਅੰਦੋਲਨ ਨਾਲ ਜੋੜਨ ਬਾਰੇ ਮੀਡੀਆ ਵਿੱਚ ਆਈਆਂ ਖਬਰਾਂ ਨੂੰ ਤੋੜ ਮਰੋੜ ਕੇ ਪੇਸ਼ ਕਰਨ ਅਤੇ ਗੁੰਮਰਾਹ ਕਰਨ ਵਾਲੀਆਂ ਦੱਸਿਆ ਅਤੇ ਕਿਹਾ ਕਿ ਕਾਨੂੰਨ ਪ੍ਰਬੰਧ ਦੇ ਮੁੱਦੇ ਉੱਤੇ ਆਮ ਗੱਲਬਾਤ ਦਾ ਗਲਤ ਮਤਲਬ ਨਹੀਂ ਕੱਢਿਆ ਜਾਣਾ ਚਾਹੀਦਾ।

ਇਸ ਸੰਬੰਧ ਵਿੱਚ ਮੰਤਰਾਲੇ ਨੇ ਕਿਹਾ ਕਿ ਮੀਡੀਆ ਦੇ ਇੱਕ ਧੜੇ ਨੇ ਗਲਤ ਢੰਗ ਨਾਲ ਇਹ ਖਬਰ ਦਿੱਤੀ ਹੈ ਕਿ ਮੰਤਰਾਲੇ ਨੇ ਪੰਜਾਬ ਸਰਕਾਰ ਨੂੰ ਪੱਤਰ ਲਿਖ ਕੇ ਸੂਬੇ ਦੇ ਕਿਸਾਨਾਂ ਖਿਲਾਫ ਗੰਭੀਰ ਦੋਸ਼ ਲਾਏ ਹਨ। ਮੰਤਰਾਲੇ ਨੇ ਕਿਹਾ, ਇਹ ਖਬਰਾਂ ਗੁੰਮਰਾਹ ਕਰਨ ਵਾਲੀਆਂ ਹਨ ਤੇ ਪੰਜਾਬ ਦੇ ਚਾਰ ਸੰਵੇਦਨਸ਼ੀਲ ਸਰਹੱਦੀ ਜ਼ਿਲ੍ਹਿਆਂ ਵਿੱਚ ਪਿਛਲੇ ਦੋ ਸਾਲਾਂ ਵਿੱਚ ਉਭਰੀ ਸਮਾਜਕ-ਆਰਥਿਕ ਸਮੱਸਿਆ ਬਾਰੇ ਸਾਧਾਰਨ ਟਿੱਪਣੀ ਨੂੰ ਤੋੜ ਮਰੋੜ ਕੇ ਪੇਸ਼ ਕਰਦੀਆਂਹਨ। ਉਂਜ ਇਸ ਸਮੱਸਿਆ ਵੱਲ ਕੇਂਦਰੀ ਹਥਿਆਰਬੰਦ ਦਸਤਿਆਂ ਨੇ ਗ੍ਰਹਿ ਮੰਤਰਾਲੇ ਦਾ ਧਿਆਨ ਦਿਵਾਇਆ ਹੈ। ਮੰਤਰਾਲੇ ਨੇ ਕਿਹਾ, ਪੱਤਰ ਵਿੱਚ ਸਾਫ ਕਿਹਾ ਗਿਆ ਹੈ ਕਿ ਮਨੁੱਖੀ ਤਸਕਰੀ ਗੈਂਗਇਨ੍ਹਾਂ ਮਜ਼ਦੂਰਾਂ ਨੂੰ ਲਿਆਉਂਦੇ ਹਨ ਅਤੇ ਉਨ੍ਹਾਂ ਦਾ ਸ਼ੋਸ਼ਣ ਕੀਤਾ ਜਾਂਦਾ ਹੈ। ਉਨ੍ਹਾਂ ਨੂੰ ਘੱਟ ਮਜ਼ਦੂਰੀ ਦਿੱਤੀ ਜਾਂਦੀ ਹੈ ਅਤੇ ਉਨ੍ਹਾਂ ਨਾਲ ਅਣਮਨੁੱਖੀ ਵਿਹਾਰ ਕੀਤਾ ਜਾਂਦਾ ਹੈ।

# ਵਿਧਾਨ ਸਭਾ ਦੀ ਕਾਰਵਾਈ ਵਿੱਚ ਭਾਜਪਾ ਵਿਧਾਇਕਾਂ ਨੇ ਸਪੀਕਰ ਉਤੇ ਜੁੱਤੀਆਂ ਸੁੱਟੀਆਂ

ਭੁਵਨੇਸ਼ਵਰ, 4 ਅਪ੍ਰੈਲ (ਪੋਸਟ ਬਿਊਰੋ)- ਉੜੀਸਾ ਵਿਧਾਨ ਸਭਾ ਵਿੱਚ ਕੱਲ੍ਹ ਚੱਲਦੀ ਕਾਰਵਾਈ ਵਿੱਚ ਸਥਿਤੀ ਉਸ ਸਮੇਂ ਤਣਾਅਪੂਰਨ ਹੋ ਗਈ, ਜਦੋਂ ਭਾਜਪਾ ਦੇ ਦੋ ਵਿਧਾਇਕਾਂਨੇ ਸਪੀਕਰ ਉੱਤੇ ਜੁੱਤੀਆਂ ਸੁੱਟੀਆਂ।

ਜੁੱਤੀ ਸੁੱਟਣ ਵਾਲੇ ਵਿਧਾਇਕਾਂ ਨੇ ਕਿਹਾ ਕਿ ਉਨ੍ਹਾਂ ਨੇ ਕੁਝ ਵੀ ਗਲਤ ਨਹੀਂ ਕੀਤਾ, ਉਹ ਸਾਰੇ ਪਹਿਲੂਆਂ ਉੱਤੇ ਵਿਚਾਰ ਕਰ ਰਹੇ ਹਨ। ਉੜੀਸਾ ਸਰਕਾਰ ਦੀ ਚੀਫ ਵ੍ਹਿਪ ਪ੍ਰਮਿਲਾ ਮਲਿਕ ਨੇ ਕਿਹਾ ਕਿ ਵਿਰੋਧੀ ਧਿਰ ਦੇ ਡਿਪਟੀ ਆਗੂ ਬਿਸਨੂ ਸੇਠੀ, ਵਿਧਾਇਕ ਜੈ ਨਾਰਾਇਣ ਮਿਸ਼ਰਾ ਅਤੇ ਵਿਰੋਧੀ ਧਿਰ ਦੇ ਆਗੂ ਮੋਹਣ ਮਾਂਝੀ ਨੇ ਸਪੀਕਰ ਦੇ ਮੰਚ ਉੱਤੇ ਜੁੱਤੀਆਂ, ਈਅਰ-ਫੋਨ ਅਤੇ ਕਾਗਜ਼ ਸੁੱਟੇ ਹਨ, ਜੋ ਨਿੰਦਾ ਯੋਗ ਘਟਨਾ ਹੈ।

### * ਫਿਰ ਕਿਹਾ, ਉਹ ਇਸੇ ਦਾ ਹੱਕਦਾਰ ਸੀ

ਇਸ ਤੋਂ ਪਹਿਲਾਂ ਵਿੱਤ ਮੰਤਰੀ ਨਿਰੰਜਨ ਪੁਜਾਰੀ ਵੱਲੋਂ ਸਦਨ ਵਿੱਚ 2019-20 ਲਈ ਕੈਗ (ਕੰਪਟਰੋਲਰ ਐਂਡ ਆਡੀਟਰ ਜਨਰਲ) ਦੀ ਰਿਪੋਰਟ ਪੇਸ਼ ਕਰਨ ਪਿੱਛੋਂ ਵਿਰੋਧੀ ਧਿਰ ਕਾਂਗਰਸ ਕਾਰਵਾਈ ਨੂੰ ਮੁਲਤਵੀ ਮਤਾ ਲੈ ਕੇ ਆਈ ਤਾਂ ਸਪੀਕਰ ਨੇ ਰੱਦ ਕਰ ਦਿੱਤਾ, ਜਿਸ ਤੋਂ ਬਾਅਦ ਵਿਰੋਧੀ ਧਿਰ ਦੇ ਵਿਧਾਇਕਾਂ ਨੇ ਜ਼ੋਰਦਾਰ ਵਿਰੋਧ ਪ੍ਰਦਰਸ਼ਨ ਕੀਤਾ।ਉਨ੍ਹਾਂ ਦੋਸ਼ ਲਾਇਆ ਕਿ ਉੜੀਸਾ ਲੋਕ ਕਮਿਸ਼ਨ (ਸੋਧ) ਬਿਲ ਸਦਨ ਵਿੱਚ ਬਿਨਾਂ ਕਿਸੇ ਬਹਿਸ ਦੇ ਪਾਸ ਕੀਤਾ ਗਿਆ ਹੈ। ਇਸ ਹੰਗਾਮੇ ਦੌਰਾਨਭਾਜਪਾ ਦੇ ਦੋ ਵਿਧਾਇਕ ਜੈ ਨਾਰਾਇਣ ਮਿਸ਼ਰਾ ਅਤੇ ਬਿਸ਼ਨੂ ਸੇਠੀ



ਆਪਣੀਆਂ ਸੀਟਾਂ ਉੱਤੇ ਖੜ੍ਹੇ ਹੋ ਗਏ ਅਤੇ ਵਿਰੋਧ ਵਜੋਂ ਸਪੀਕਰ ਉੱਤੇ ਜੁੱਤੀਆਂ, ਕਾਗਜ਼, ਪੈਨ ਅਤੇ ਈਅਰਫੋਨ ਸੁੱਟ ਦਿੱਤੇ। ਵਿਧਾਇਕ ਜੈ ਨਾਰਾਇਣ ਮਿਸ਼ਰਾ ਨੇ ਕਿਹਾ, 'ਮੈਨੂੰ ਨਹੀਂ ਪਤਾ ਕਿ ਮੈਂ ਸਪੀਕਰ ਉੱਤੇਅਸਲ ਵਿੱਚ ਕੀ ਸੁੱਟਿਆ, ਪਰ ਮੈਂ ਕੁਝ ਗਲਤ ਨਹੀਂ ਕੀਤਾ। ਵਿਧਾਨ ਸਭਾ ਦਾ ਸਪੀਕਰ ਅਜਿਹੇ ਵਿਹਾਰ ਦਾ ਹੱਕਦਾਰ ਹੀ ਸੀ।' ਬਿਸ਼ਨੂ ਸੇਠੀ ਨੇ ਦੋਸ਼ਾਂ ਤੋਂ ਦੋਸ਼ ਰੱਦ ਕਰਦਿਆਂ ਕਿਹਾ, 'ਮੈਂ ਉਨ੍ਹਾਂ(ਸਪੀਕਰ)ਉੱਤੇ ਜੁੱਤੇ ਨਹੀਂ ਸੁੱਟੇ। ਮੈਂ ਇੱਕ ਪੈਨ ਤੇ ਹੈਡਫੋਨ ਸੁੱਟਿਆ ਸੀ।' ਸਪੀਕਰ ਸੂਰੀਆ ਨਾਰਾਇਣ ਪਤਰੋ ਨੇ ਪੱਤਰਕਾਰਾਂ ਨੂੰ ਕਿਹਾ, 'ਮੈਂ ਸਾਰੇ ਪੱਖਾਂ ਉੱਤੇ ਵਿਚਾਰ ਕਰ ਰਿਹਾ ਹਾਂ ਅਤੇ ਇਸ ਬਾਰੇ ਕਾਨੂੰਨ ਦੀ ਵੀ ਘੋਖ ਕਰ ਰਿਹਾ ਹਾਂ। ਕਾਨੂੰਨ ਆਪਣਾ ਕੰਮ ਕਰੇਗਾ। ਮੈਂ ਤਸਵੀਰਾਂ ਦੀ ਜਾਂਚ ਕਰ ਰਿਹਾ ਹਾਂ।'

## ਫੋਨ ਉਤੇ ਗੱਲ ਕਰਦੀ ਨਰਸ ਨੇ ਔਰਤ ਨੂੰ ਕੋਰੋਨਾ ਦਾ ਟੀਕਾ ਦੋ ਵਾਰ ਲਾ ਦਿੱਤਾ

ਕਾਨਪੁਰ, 4 ਅਪ੍ਰੈਲ (ਪੋਸਟ ਬਿਊਰੋ)- ਭਾਰਤ ਵਿੱਚ ਕੋਰੋਨਾ ਵਾਇਰਸ ਦੇ ਕੇਸ ਦਿਨੋਂ-ਦਿਨ ਵਧੀ ਜਾਂਦੇ ਹਨ। ਇਸ ਦੀ ਰੋਕਥਾਮ ਲਈ ਦੇਸ਼ ਵਿੱਚ ਟੀਕਾਕਰਨ ਪ੍ਰਕਿਰਿਆ ਕਾਫੀ ਜ਼ੋਰਾਂ ਨਾਲ ਚੱਲ ਰਹੀ ਹੈ, ਪਰ ਇਸ ਦੌਰਾਨ ਲਾਪਰਵਾਹੀ ਦੀ ਜੋ ਤਸਵੀਰ ਦਿੱਸਦੀ ਹੈ, ਉਹ ਕਾਫੀ ਹੈਰਾਨ ਕਰਨ ਵਾਲੀ ਹੈ।

ਉਤਰ ਪ੍ਰਦੇਸ਼ ਦੇ ਇੱਕ ਸਿਹਤ ਕੇਂਦਰ ਵਿੱਚ ਮੋਬਾਈਲ ਉੱਤੇ ਗੱਲ ਕਰਨ ਦੇ ਚੱਕਰ ਵਿੱਚ ਨਰਸ ਨੇ ਇੱਕ ਔਰਤ ਨੂੰ ਇੱਕੋ ਸਮੇਂ ਦੋ ਵਾਰ ਕੋਵਿਡ ਦਾ ਟੀਕਾ ਲਾ ਦਿੱਤਾ। ਪਤਾ ਲੱਗਾ ਹੈ ਕਿ ਕਾਨਪੁਰ



ਦੇ ਇੱਕ ਦਿਹਾਤੀ ਕੇਂਦਰ ਮੰਡੋਲੀ ਦੇ ਮੁੱਢਲੇ ਸਿਹਤ ਕੇਂਦਰ ਵਿੱਚਨਰਸ ਅਰਚਨਾ ਦੀ ਵੈਕਸੀਨ ਲਾਉਣ ਦੀ ਜ਼ਿੰਮੇਵਾਰੀ ਸੀ, ਉਸ ਨੇ ਫੋਨ ਉੱਤੇ ਗੱਲ ਕਰਨ ਦੇ ਚੱਕਰ ਵਿੱਚਕਮਲੇਸ਼ ਨਾਂਅ ਦੀ ਔਰਤ ਨੂੰ ਦੋ ਵਾਰ ਟੀਕਾ ਲਾ ਦਿੱਤਾ। ਦੋ ਵਾਰ ਟੀਕਾ ਲੱਗਣ ਨਾਲ ਉਸ ਦੇ ਹੱਥ ਵਿੱਚ ਸੋਜ ਆ ਗਈ ਅਤੇ ਉਸ ਨੂੰ ਦਰਦ ਹੋਣ ਲੱਗ ਪਿਆ ਤਾਂ ਔਰਤ ਨੇ ਪੁੱਛਿਆ ਕਿ ਉਸ ਨੇ ਦੋ ਵਾਰ ਟੀਕਾ ਕਿਉਂ ਲਾਇਆ ਹੈ ਤਾਂ ਨਰਸ ਨੇ ਕਹਿ ਦਿੱਤਾ ਕਿ ਗਲਤੀ ਨਾਲ ਲੱਗ ਗਿਆ, ਇੰਨਾ ਹੀ ਨਹੀਂ ਉਸ ਨੇ ਪੀੜਤ ਔਰਤ ਨੂੰ ਫਿਟਕਾਰ ਵੀ ਲਾਈ।

## ਫੇਸਬੁਕ ਦਾ ਵੱਡਾ ਫੈਸਲਾ: ਚੋਣਾਂ ਵਿੱਚ ਨਫਰਤ ਫੈਲਾਉਣ ਵਾਲੇ ਮੈਸੇਜ ਪੂੰਝੇ ਜਾਣਗੇ




ਨਵੀਂ ਦਿੱਲੀ, 4 ਅਪ੍ਰੈਲ (ਪੋਸਟ ਬਿਊਰੋ)- ਫੇਸਬੁਕ ਨੇ ਚਾਰ ਰਾਜਾਂ ਅਤੇ ਕੇਂਦਰੀ ਸ਼ਾਸਤ ਪ੍ਰਦੇਸ਼ ਪੁਡੂਚੇਰੀ ਵਿੱਚ ਚੋਣਾਂ ਦੇ ਦੌਰਾਨ ਨਫਰਤ ਫੈਲਾਉਣ ਵਾਲੇ ਸੰਦੇਸ਼ਾਂ ਦੀ ਪਛਾਣ ਸ਼ੁਰੂ ਕਰ ਦਿੱਤੀ ਹੈ। ਇਸ ਪਿੱਛੋਂ ਏਦਾਂ ਦੇ ਸੰਦੇਸ਼ਾਂ ਨੂੰ ਹਟਾਉਣ ਦੀ ਕੋਸ਼ਿਸ਼ ਕੀਤੀ ਜਾਣੀ ਹੈ, ਜਿਸ ਲਈ ਸੋਸ਼ਲ ਮੀਡੀਆ ਥਰਡ ਪਾਰਟੀ ਦੀ ਮਦਦ ਵੀ ਲਈ ਜਾ ਰਹੀ ਹੈ। ਵਰਨਣ ਯੋਗ ਹੈ ਕਿ ਪੱਛਮੀ ਬੰਗਾਲ ਵਿੱਚਚੋਣ ਦੇ ਦੋ ਪੜਾਅ ਅਤੇ ਆਸਾਮ ਵਿੱਚ ਪਹਿਲਾ ਪੜਾਅ ਹੋ ਚੁੱਕਾ ਹੈ। ਉਥੇ ਕੇਰਲ, ਤਾਮਿਲ ਨਾਡੂ ਅਤੇ ਪੁੱਡੂਚੇਰੀ ਵਿੱਚ ਛੇ ਅਪ੍ਰੈਲ ਨੂੰ ਚੋਣਾਂ ਹੋਣਗੀਆਂ। ਇਨ੍ਹਾਂ ਸਾਰਿਆਂ ਦੇ ਚੋਣ ਨਤੀਜੇ ਦੋ ਮਈ ਨੂੰ ਐਲਾਨੇ ਜਾਣੇ ਹਨ। ਫੇਸਬੁਕ ਦੇ 400 ਮਿਲੀਅਨ ਯੂਜ਼ਰਜ਼ ਹਨ। ਇਸ ਦੇ ਨਾਲ ਭਾਰਤ ਨੂੰ ਉਹ ਆਪਣਾ ਸਭ ਤੋਂ ਵੱਡਾ ਬਾਜ਼ਾਰ ਦੱਸਦਾ ਹੈ। ਸੋਸ਼ਲ ਮੀਡੀਆ ਦਾ ਕਹਿਣਾ ਹੈ ਕਿ ਨਿਯਮਾਂ ਦੀ ਉਲੰਘਣਾ ਵਾਲੀ ਸਮੱਗਰੀ ਫੈਲਣ ਤੋਂ ਰੋਕਣ ਲਈ ਇੱਕ ਸਰਗਰਮ ਤਕਨੀਕ ਦਾ ਨਿਵੇਸ਼ ਕੀਤਾ ਗਿਆ ਹੈ, ਜਿਸ ਨਾਲ ਜਲਦੀ ਹੀ ਨਫਰਤ ਫੈਲਾਉਣ ਵਾਲੇ ਭਾਸ਼ਣਾਂ ਦੇ ਨਾਲ ਜੁੜੇ ਨਵੇਂ ਸ਼ਬਦਾਂ ਦੀ ਪਛਾਣ ਕੀਤੀ ਜਾਏਗੀ। ਕੰਪਨੀ ਨੇ ਆਪਣੀਆਂ ਨੀਤੀਆਂ ਦੀ ਵਾਰ-ਵਾਰ ਉਲੰਘਣਾ ਕਰਦੇ ਖਾਤਿਆਂ ਤੋਂ ਸਮੱਗਰੀ ਦੀ ਸਪਲਾਈ ਰੋਕਣ ਦਾ ਵੀ ਵਾਅਦਾ ਕੀਤਾ ਹੈ। ਗਲਤ ਸੂਚਨਾਵਾਂ ਨਾਲ ਨਜਿੱਠਣ ਲਈ ਕੰਪਨੀ ਨੇ ਅੱਠ ਥਰਡ ਪਾਰਟੀਜ਼ ਨੂੰ ਇਸ ਕੰਮ ਲਾਇਆ ਹੈ। ਇਹ ਸਾਰੇ ਤੱਥਾਂ ਨੂੰ ਜਾਂਚ ਕੇ ਇਸ ਨੂੰ ਰੋਕਣ ਵਿੱਚ ਮਦਦ ਮਿਲੇਗੀ। ਇਸ ਦੇ ਨਾਲ ਅਜਿਹੇ ਯੂਜਰਜ਼ ਦੀ ਪਛਾਣ ਵੀ ਕਰੇਗੀ।

ਇਸ ਤੋਂ ਪਹਿਲਾਂ ਵੀ ਚੋਣਾਂ ਵਿੱਚ ਫੇਸਬੁਕ ਨਫਰਤ ਅਤੇ ਭੜਕਾਉਣ ਵਾਲੇ ਬਿਆਨਾਂ ਨੂੰ ਰੋਕਣ ਦੀ ਕੋਸ਼ਿਸ਼ ਕਰਦਾ ਰਿਹਾ ਹੈ ਅਤੇ ਕਈ ਵਾਰ ਇਸ ਰਾਹੀਂ ਚੋਣ ਜ਼ਾਬਤੇ ਦੀ ਉਲੰਘਣਾ ਦੇ ਮਾਮਲੇ ਵੀ ਪਤਾ ਲੱਗੇ ਹਨ। ਸੋਸ਼ਲ ਮੀਡੀਆ ਉੱਤੇ ਅੱਜਕੱਲ੍ਹ ਚੋਣਾਂ ਸਬੰਧੀ ਕਈ ਇਤਰਾਜ਼ਯੋਗ ਸੂਚਨਾਵਾਂ ਆਰਹੀਆਂ ਹਨ।

## ਛੱਤੀਸਗੜ੍ਹ ਵਿੱਚ ਨਕਸਲੀਆਂ ਨਾਲ ਮੁਕਾਬਲੇ ਦੌਰਾਨ ਪੰਜ ਜਵਾਨ ਮਾਰੇ ਗਏ, 30 ਜ਼ਖਮੀ



ਰਾਏਪੁਰ, 4 ਅਪ੍ਰੈਲ (ਪੋਸਟ ਬਿਊਰੋ)- ਛੱਤੀਸਗੜ੍ਹ ਦੇ ਸੁਕਮਾ ਤੇ ਬੀਜਾਪੁਰ ਜ਼ਿਲ੍ਹਿਆਂ ਦੇ ਜੰਗਲਾਂ ਵਿੱਚ ਨਕਸਲੀਆਂ ਨਾਲ ਮੁਕਾਬਲੇ ਦੌਰਾਨ ਪੰਜ ਜਵਾਨ ਮਾਰੇ ਗਏ ਅਤੇ ਤੀਹ ਜ਼ਖਮੀ ਹੋ ਗਏ। ਕੁਝ ਜਵਾਨਾਂ ਦੇ ਲਾਪਤਾ ਹੋਣ ਦੀ ਖਬਰ ਵੀ ਹੈ, ਜਿਨ੍ਹਾਂ ਦੀ ਭਾਲ ਜਾਰੀ ਹੈ। ਮੁਕਾ-ਬਲੇ ਵਾਲੇ ਥਾਂ ਤੋਂ ਇੱਕ ਮਹਿਲਾ ਨਕਸਲੀ ਦੀ ਲਾਸ਼ ਵੀ ਮਿਲੀਹੈ।

ਇਸ ਰਾਜ ਦੀ ਪੁਲਸ ਦੇ ਨਕਸਲੀ ਵਿਰੋਧੀ ਆਪਰੇਸ਼ਨਾਂ ਦੇ ਡੀ ਆਈ ਜੀ, ਓ ਪੀ ਪਾਲ ਨੇ ਦੱਸਿਆ ਕਿ ਸੁਰੱਖਿਆ ਬਲਾਂ ਦੀਆਂ ਵੱਖ-ਵੱਖ ਸਾਂਝੀਆਂ ਟੀਮਾਂ, ਜਿਨ੍ਹਾਂ ਵਿੱਚ 2000 ਤੋਂ ਵੱਧ ਜਵਾਨ ਸਨ, ਨੇ ਕੱਲ੍ਹ ਰਾਤ ਬੀਜਾਪੁਰ ਅਤੇ ਸੁਕਮਾ ਜ਼ਿਲ੍ਹਿਆਂ ਦੇ ਦੱਖਣੀ ਬਸਤਰ ਜੰਗਲੀ ਇਲਾਕੇ ਵਿੱਚ ਪੰਜ ਥਾਵਾਂ ਤੋਂ ਆਪਰੇਸ਼ਨ ਚਲਾਇਆ ਸੀ। ਕੱਲ੍ਹ ਦੁਪਹਿਰੇ ਸੁਕਮਾ ਦੇ ਜੋਨਾਗੁਡਾ ਪਿੰਡ ਵਿੱਚ ਸੁਰੱਖਿਆ ਬਲਾਂ ਦੇ ਨਕਸਲੀਆਂ ਨਾਲ ਤਿੰਨ ਘੰਟੇ ਤੱਕ ਮੁਕਾਬਲੇ ਵਿੱਚ ਪੰਜ ਜਵਾਨ ਮਾਰੇ ਗਏ ਤੇ ਤੀਹ ਹੋਰ ਜ਼ਖਮੀ ਹੋ ਗਏ। ਸੱਤ ਜ਼ਖਮੀਆਂ ਨੂੰ ਇਲਾਜ ਲਈ ਹਵਾਈ ਜਹਾਜ਼ ਰਾਹੀਂ ਰਾਏਪੁਰ ਲਿਆਂਦਾ ਗਿਆ, ਜਦ ਕਿ 23 ਜ਼ਖਮੀਆਂ ਦਾ ਇਲਾਜ ਬੀਜਾਪੁਰ ਦੇ ਜ਼ਿਲ੍ਹਾ ਹਸਪਤਾਲ ਵਿੱਚ ਚੱਲ ਰਿਹਾ ਹੈ। ਜ਼ਮੀਨੀ ਰਿਪੋਰਟ ਦਾ ਹਵਾਲਾ ਦਿੰਦਿਆਂ ਪਾਲ ਨੇ ਦਾਅਵਾ ਕੀਤਾ ਕਿ ਮੁਕਾਬਲੇ ਦੌਰਾਨ ਨਕਸਲੀਆਂ ਨੂੰ ਕਾਫੀ ਨੁਕਸਾਨ ਹੋਇਆ ਹੈ।

## ਕੁਲਦੀਪ ਨੇ ਕਬੂਲਿਆ: ਰਾਕੇਸ਼ ਟਿਕੈਤ ਉੱਤੇ ਹਮਲਾ ਪਾਪੂਲਰਟੀ ਲੈਣ ਵਾਸਤੇ ਕੀਤੈ

ਅਲਵਰ, 4 ਅਪ੍ਰੈਲ (ਪੋਸਟ ਬਿਊਰੋ)- ਭਾਰਤੀ ਕਿਸਾਨ ਯੂਨੀਅਨ ਦੇ ਆਗੂ ਰਾਕੇਸ਼ ਟਿਕੈਤ ਦੇ ਕਾਫਲੇ ਉੱਤੇਰਾਜਸਥਾਨ ਦੇ ਅਲਵਰ ਜ਼ਿਲੇ ਵਿੱਚ ਹਮਲਾ ਕਰਨ ਵਾਲੇ ਵਿਦਿਆਰਥੀ ਯੂਨੀਅਨ ਦੇ ਸਾਬਕਾ ਪ੍ਰਧਾਨ ਕੁਦਲੀਪ ਯਾਦਵ ਨੇ ਪਾਪੂਲਰਟੀ ਹਾਸਲ ਕਰਨ ਲਈ ਇਹ ਹਮਲਾ ਕੀਤਾ ਸੀ, ਜਿਸ ਬਾਰੇ ਉਹ ਮੰਨ ਗਿਆ ਹੈ।

ਐਡੀਸ਼ਨਲ ਪੁਲਸ ਸੁਪਰਡੈਂਟ ਗੁਰੂਸ਼ਰਨ ਰਾਓ ਨੇ ਦੱਸਿਆ ਕਿ ਪਹਿਲੀ ਨਜ਼ਰੇ ਇਸ ਕੇਸ ਦਾ ਮੁੱਖ ਦੋਸ਼ੀ ਅਤੇ ਵਿਦਿਆਰਥੀ ਯੂਨੀਅਨ ਦੇ ਸਾਬਕਾ ਪ੍ਰਧਾਨ ਕੁਲਦੀਪ ਯਾਦਵ ਦੋਵਾਂ ਭਾਜਪਾ ਤੇ ਕਾਂਗਰਸ ਪਾਰਟੀ ਦੇ ਨੇਤਾਵਾਂ ਦੇ ਸੰਪਰਕ ਵਿੱਚ ਰਹਿੰਦਾ ਸੀ, ਪਰ ਜਾਂਚ ਵਿੱਚ ਇਸ ਦਾ ਨਾ ਭਾਜਪਾ ਅਤੇ ਨਾ ਕਾਂਗਰਸ ਜਾਂ ਨਾ ਹੋਰ ਕਿਸੇ ਪਾਰਟੀ ਨਾਲ ਕੋਈ ਸੰਬੰਧ ਨਿਕਲਿਆ ਹੈ। ਕੁਲਦੀਪ ਯਾਦਵ ਨੇ ਪੁੱਛਗਿੱਛ ਵਿੱਚ ਦੱਸਿਆ ਕਿ ਉਸ ਨੇ ਆਪਣੇ ਮਾਮੇ ਤੋਂ ਤਿੰਨ ਲੱਖ ਰੁਪਏ ਹੁਦਾਰ ਲਏ ਸਨ, ਜਿਨ੍ਹਾਂ ਵਿੱਚੋਂ ਦੋ ਲੱਖ ਦੇ ਦਿੱਤੇ, ਬਾਕੀ ਕਰੀਬ 50000 ਰੁਪਏ ਤਿੰਨ-ਚਾਰ ਸਾਥੀਆਂ ਉੱਤੇ ਖਰਚ ਕਰ ਦਿੱਤੇ ਅਤੇ 45000 ਰੁਪਏ ਨਕਦ ਬਚ ਗਏ। ਫਿਰ ਪੁਲਸ ਨੇ ਇੱਕ ਗੱਡੀ ਜ਼ਬਤ ਕਰ ਲਈ ਅਤੇ ਹੋਰਨਾਂ ਦੋਸ਼ੀਆਂ ਦੀ ਗ੍ਰਿਫਤਾਰੀ ਦੇ ਯਤਨ ਕੀਤੇ ਜਾ ਰਹੇ ਹਨ। ਇਨ੍ਹਾਂ ਦੋਸ਼ੀਆਂ ਦਾ ਕਿਸੇ ਰਾਜਨੀਤਕ ਪਾਰਟੀ ਜਾਂ ਦਲ ਨਾਲ ਸਬੰਧ ਨਹੀਂ ਨਿਕਲਿਆ। ਪੁਲਸ ਨੇ ਵਿਦਿਆਰਥੀ ਯੂਨੀਅਨ ਦੇ ਸਾਬਕਾ ਆਗੂ ਕੁਲਦੀਪ ਯਾਦਵ ਸਣੇ ਗ੍ਰਿਫਤਾਰ 16 ਦੋਸ਼ੀਆਂ ਨੂੰ ਕਿਸ਼ਨਗੜ੍ਹਬਾਸ ਕੋਰਟ ਵਿੱਚ ਪੇਸ਼ ਕੀਤਾ ਗਿਆ, ਜਿੱਥੋਂ ਜੱਜ ਨੇ ਉਨ੍ਹਾਂ ਨੂੰ ਦੋ ਦਿਨ ਦੇ ਪੁਲੀਸ ਰਿਮਾਂਡ ਤੇ ਭੇਜਣ ਦੇ ਹੁਕਮ ਦਿੱਤੇ ਹਨ।

## ਗੈਰ ਕਾਨੂੰਨੀ ਸਮੱਗਰੀ ਬਾਰੇ ਟਵਿੱਟਰ ਨੂੰ 1.16 ਲੱਖ ਡਾਲਰ ਜੁਰਮਾਨਾ

ਮਾਸਕੋ, 4 ਅਪ੍ਰੈਲ (ਪੋਸਟ ਬਿਊਰੋ)- ਰੂਸ ਦੀ ਇੱਕ ਅਦਾਲਤ ਨੇ ਟਵਿੱਟਰ 'ਤੇ 1.16 ਲੱਖ ਡਾਲਰ ਜੁਰਮਾਨਾ ਠੋਕਿਆ ਹੈ। ਮਾਈਕਰੋ ਬਲਾਗਿੰਗ ਸਾਈਟ ਦੇ ਖਿਲਾਫ ਇਹ ਜੁਰਮਾਨਾ ਇਸ ਪਲੇਟਫਾਰਮ ਤੋਂ ਪਾਬੰਦੀਸ਼ੁਦੀ ਸਮੱਗਰੀ ਨਾ ਹਟਾਉਣ 'ਤੇ ਕੀਤਾ ਗਿਆ ਹੈ। ਭਾਰਤ ਸਮੇਤ ਦੁਨੀਆ ਦੇ ਕਈ ਦੇਸ਼ਾਂ ਵਿੱਚ ਟਵਿੱਟਰ ਦੇ ਬੈਡ ਅਕਾਊਂਟ ਦੀ ਜਾਂਚ ਚੱਲ ਰਹੀ ਹੈ। ਮਾਸਕੋ ਦੀ ਅਦਾਲਤ ਨੇ ਟਵਿੱਟਰ ਨੂੰ ਰੂਸ ਦੇ ਇੰਟਰਨੈਟ ਕਾਨੂੰਨ ਦੀ ਉਲੰਘਣਾ ਦਾ ਦੋਸ਼ੀ ਪਾਇਆ ਹੈ।

ਨਿਊਜ਼ ਏਜੰਸੀ ਸਿਨਹੂਆ ਦੀ ਰਿਪੋਰਟ ਮੁਤਾਬਕ ਜਿਸ ਪਾਬੰਦੀਸ਼ੁਦਾ ਸਮੱਗਰੀ ਬਾਰੇ ਜੁਰਮਾਨਾ ਕੀਤਾ ਗਿਆ ਹੈ, ਉਨ੍ਹਾਂ ਵਿੱਚੋਂ ਕੁਝ ਵਿੱਚ ਨਾਬਾਲਗ ਬੱਚਿਆਂ ਨੂੰ



ਗੈਰ ਕਾਨੂੰਨੀ ਵਿਰੋਧ ਪ੍ਰਦਰਸ਼ਨਾਂ ਵਿੱਚ ਹਿੱਸਾ ਲੈਣ ਦੀ ਅਪੀਲ ਕੀਤੀ ਗਈ ਸੀ, ਡਰੱਗ ਦੀ ਵਰਤੋਂ ਨੂੰ ਉਤਸ਼ਾਹਤ ਕੀਤਾ ਗਿਆ ਅਤੇ ਚਾਈਲਡ ਪੋਰਨੋਗ੍ਰਾਫੀ ਦਾ ਪ੍ਰਸਾਰ ਕੀਤਾ ਗਿਆ ਸੀ। ਰੂਸ ਦੀ ਨਿਊਜ਼ ਏਜੰਸੀ ਤਾਸ ਮੁਤਾਬਕ ਮਾਸਕੋ ਦੀ ਤਗਾਂਸਕੀ ਜ਼ਿਲ੍ਹਾ ਕੋਰਟ ਨੇ ਨਾਬਾਲਗਾਂ ਤੋਂ ਗੈਰ ਕਾਨੂੰਨੀ ਅਤੇ ਅਣਅਧਿਕਾਰਤ ਪ੍ਰੋਗਰਾਮ ਵਿੱਚ ਹਿੱਸਾ ਲੈਣ ਦੀ ਅਪੀਲ ਵਾਲੇ ਟਵੀਟ ਨਾ ਹਟਾਉਣ ਕਰ ਕੇ ਟਵਿੱਟਰ 'ਤੇ ਜੁਰਮਾਨਾ ਠੋਕਿਆ ਹੈ।

## ਛਾਤੀ ਵਿੱਚ ਦਰਦ ਤੋਂ ਦੁਖੀ ਸੀ, ਚੈਕਅਪ ਵਿੱਚ ਪਤਾ ਲੱਗਾ, ਚਾਰ ਇੰਚ ਲੰਬਾ ਚਾਕੂ ਫਸਿਐ

ਮਨੀਲਾ, 4 ਅਪ੍ਰੈਲ (ਪੋਸਟ ਬਿਊਰੋ)- ਫਿਲਪੀਨਜ਼ ਦੇ ਵਸਨੀਕ ਕੇਂਟ ਰਿਆਨ ਟੋਮਾਓ ਪਿਛਲੇ ਦਿਨੀਂ ਡਾਕਟਰ ਦੇ ਕੋਲ ਚੈਕਅਪ ਕਰਾਉਣ ਗਏ ਤਾਂ ਸੁਣ ਕੇ ਹੈਰਾਨ ਰਹਿ ਗਏ ਕਿ ਉਨ੍ਹਾਂ ਦੀ ਛਾਤੀ ਵਿੱਚ ਚਾਰ ਇੰਚ ਲੰਬਾ ਚਾਕੂ ਹੈ। 25 ਸਾਲ ਦੇ ਰਿਆਨ ਇੱਕ ਮਾਈਨਿੰਗ ਪ੍ਰੋਜੈਕਟ ਲਈ ਐਕਸਰੇ ਕਰਾਉਣ ਹਸਪਤਾਲ ਗਏ ਸਨ। ਸਰਦੀਆਂ ਵਿੱਚ ਕਦੇ-ਕਦੇ ਉਨ੍ਹਾਂ ਨੂੰ ਛਾਤੀ ਵਿੱਚ ਦਰਦ ਹੁੰਦਾ ਸੀ, ਪਰ ਉਨ੍ਹਾਂ ਨੇ ਇਸ ਬਾਰੇ ਕਦੇ ਜ਼ਿਆਦਾ ਧਿਆਨ ਨਹੀਂ ਦਿੱਤਾ। ਰਿਆਨ ਨੇ ਕਿਹਾ, ਮੈਂ ਨਹੀਂ ਜਾਣਦਾ ਕਿ ਇਹ ਚਾਕੂ ਕਿਵੇਂ ਆਇਆ, ਪਰ ਪਿਛਲੇ ਸਾਲ ਜੂਨ ਵਿੱਚ ਕੁਝ ਲੋਕਾਂ ਨੇ ਮੇਰੇ 'ਤੇ ਹਮਲਾ ਕੀਤਾ ਸੀ। ਮੈਨੂੰ ਇਸ ਬਾਰੇ ਜ਼ਿਆਦਾ ਯਾਦ ਨਹੀਂ, ਪਰ ਇੰਨਾ



ਪਤਾ ਹੈ ਕਿ ਹਮਲੇ ਪਿੱਛੋਂ ਮੈਨੂੰ ਹਸਪਤਾਲ ਲਿਜਾਇਆ ਗਿਆ ਸੀ। ਮੈਂ ਸੁਫਨੇ ਵਿੱਚ ਵੀ ਨਹੀਂ ਸੋਚ ਸਕਦਾ ਸਾਂ ਕਿ ਇਲਾਜ ਦੌਰਾਨ ਚਾਕੂ ਮੇਰੇ ਸਰੀਰ ਵਿੱਚ ਰਹਿ ਗਿਆ ਹੋਵੇਗਾ। ਮੇਰਾ ਉਨ੍ਹਾਂ ਡਾਕਟਰਾਂ 'ਤੇ ਕੇਸ ਕਰਨ ਦਾ ਕੋਈ ਇਰਾਦਾ ਨਹੀਂ, ਮੈਂ ਜਲਦੀ ਇਹ ਚਾਕੂ ਕਢਵਾਉਣਾ ਚਾਹੁੰਦਾ ਹਾਂ।

## ਮਛੇਰਿਆਂ ਨੇ ਦਿਓ-ਕੱਦ ਈਲ ਮੱਛੀ ਫੜੀ



ਹਾਂਗਕਾਂਗ, 4 ਅਪ੍ਰੈਲ (ਪੋਸਟ ਬਿਊਰੋ)- ਹਾਂਗਕਾਂਗ ਦੇ ਮੀਂ-ਫੂ ਇਲਾਕੇ ਵਿੱਚ ਮੱਛੀ ਮਾਰਕੀਟ ਵਿੱਚ ਮਛੇਰਿਆਂ ਨੇ ਵੀਹ ਕਿਲੋ ਵਜ਼ਨੀ ਕਰੀਬ 15 ਫੁੱਟ ਲੰਬੀ ਦਿਓ ਕੱਦ ਮੱਛੀ ਫੜ ਕੇ ਲਿਆਂਦੀ ਹੈ।

ਜਾਣਕਾਰਾਂ ਮੁਤਾਬਕ ਇਹ ਮੋਰੇਅ ਈਲ ਨਸਲ ਦੀ ਮੱਛੀ ਹੈ, ਜੋ ਆਮ ਨਾਲੋਂ ਕਰੀਬ ਅੱਠ ਗੁਣਾ ਵੱਧ ਵੱਡੀ ਹੈ। ਦੁਕਾਨਦਾਰਾਂ ਵੱਲੋਂ ਇਸ ਮੱਛੀ ਦਾ ਮੀਟ 100 ਡਾਲਰ ਦੀ ਕਾਟੀ (ਕਰੀਬ 600 ਗਰਾਮ) ਵੇਚਿਆ ਗਿਆ। ਦੁਕਾਨਦਾਰਾਂ ਵੱਲੋਂ ਮੱਛੀ ਦੀ ਫੋਟੋ ਸੋਸ਼ਲ ਮੀਡੀਆ ਉੱਤੇ ਸਾਂਝੀ ਕਰਨ ਪਿੱਛੋਂ ਹਾਂਗਕਾਂਗ ਭਰ ਵਿੱਚ ਇਸ ਦੀ ਚਰਚਾ ਛਿੜ ਪਈ। ਕੁਝ ਲੋਕਾਂ ਨੇ ਇਸ ਨੂੰ ਡਰੈਗਨ ਰੂਪੀ ਸਮਝ ਕੇ ਈਸਟਰ ਦੀਆਂ ਛੁੱਟੀਆਂ ਦੇ ਸ਼ੁਰੂ ਵਿੱਚ ਮਿਲਣਾ ਵਰਦਾਨ ਦੱਸਿਆ ਤੇ ਕੁਝਨੇ ਪੁਰਾਤਨ ਮਿੱਥਾਂ ਨਾਲ ਜੋੜ ਕੇ ਇਸ ਨੂੰ ਸਮੁੰਦਰੀ ਪ੍ਰੇਤ ਆਤਮਾਵਾਂ ਦੀ ਕਰੋਪੀ ਦੱਸਦਿਆਂ ਹਾਂਗਕਾਂਗ ਵਿੱਚ ਇਸ ਨੂੰ ਗਰਮੀ ਵਿੱਚ ਆਉਣ ਵਾਲੇ ਤੇਜ਼ ਤੂਫਾਨਾਂ ਦੀ ਭਵਿੱਖ ਬਾਣੀ ਦੇ ਅਗਾਊਂ ਸੰਕੇਤ ਵਜੋਂ ਮੰਨਿਆ ਹੈ।

## ਭਿਆਨਕ ਬਿਮਾਰੀ ਤੋਂ ਪੀੜਤ ਹੋਣ ਪਿੱਛੋਂ ਵਿਗਿਆਨ ਨੂੰ ਚੁਣੌਤੀ

ਲੰਡਨ, 4 ਅਪ੍ਰੈਲ (ਪੋਸਟ ਬਿਊਰੋ)- ਇੱਕ ਬ੍ਰਿਟਿਸ਼ ਵਿਗਿਆਨੀ ਨੇ ਮੋਟਰ ਨਿਊਰਾਨ ਨਾਂਅ ਦੀ ਘਾਤਕ ਬਿਮਾਰੀ ਹੋਣ ਤੋਂ ਬਾਅਦ ਆਪਣੇ ਆਪ ਨੂੰ ਦੁਨੀਆ ਦਾ ਪਹਿਲਾ ਰੋਬੋਮੈਨ ਬਣਾ ਲਿਆ ਹੈ। ਇਸ ਕਾਰਨ ਉਨ੍ਹਾਂ ਦੀਆਂ ਮਾਸਪੇਸ਼ੀਆਂ ਬਰਬਾਦ ਹੋ ਰਹੀਆਂ ਸਨ। ਉਹ ਮਸ਼ੀਨਾਂ ਦੀ ਮਦਦ ਨਾਲ ਉਹ ਸਾਰਾ ਕੰਮ ਆਸਾਨੀ ਨਾਲ ਕਰ ਸਕਦਾ ਹੈ, ਜੋ ਸਿਹਤਮੰਦ ਵਿਅਕਤੀ ਕਰਦਾ ਹੈ ਅਤੇ ਇਸ ਤੋਂ ਸਾਰੇ ਲੋਕ ਹੈਰਾਨ ਹੋ ਰਹੇ ਹਨ।

ਇਸ ਅਰਧ ਮਨੁੱਖੀ ਅਰਧ-ਰੋਬੋਟ ਵਿਗਿਆਨੀ ਦੀ ਪਛਾਣ 62 ਸਾਲਾ ਡਾਕਟਰ ਪੀਟਰ ਸਕਾਟ-ਮੋਰਗਨ ਵਜੋਂ ਹੋਈ ਹੈ। ਇੰਗਲੈਂਡ ਵਿੱਚ ਰਹਿੰਦੇ ਡਾਕਟਰ ਪੀਟਰ ਸਕਾਟ-ਮੋਰਗਨ ਡੇਵੋਨ ਨੇ ਮੋਟਰ ਨਿਊਰਾਨ ਨਾਂਅ ਦੀ ਭਿਆਨਕ ਬਿਮਾਰੀ ਤੋਂ ਪੀੜਤ ਹੋਣ ਪਿੱਛੋਂ ਵਿਗਿਆਨ ਨੂੰ ਚੁਣੌਤੀ ਦੇਣ ਦਾ ਫੈਸਲਾ ਕੀਤਾ। ਸਾਲ 2017 ਵਿੱਚ ਉਸ ਨੂੰ ਪਹਿਲੀ ਵਾਰ ਪਤਾ ਲੱਗਾ ਕਿ ਉਸ ਨੂੰ ਇੱਕ ਦੁਰਲੱਭ ਮਾਸਪੇਸ਼ੀਆਂ ਬਰਬਾਦ ਕਰਨ ਵਾਲੀ ਬਿਮਾਰੀ ਲੱਗ ਗਈ ਹੈ। ਇਸ ਕਾਰਨ ਉਸ ਦੇ ਕਈ ਅੰਗ ਕੰਮ ਕਰਨਾ ਬੰਦ ਕਰਨ ਲੱਗੇ, ਜਿਸ ਤੋਂ ਬਾਅਦ ਉਸ ਨੇ ਰੋਬੋਟਿਕਸ ਦੀ ਵਰਤੋਂ ਕਰ ਕੇ ਆਪਣੀ ਜ਼ਿੰਦਗੀ ਦਾ ਵਿਸਥਾਰ ਕੀਤਾ। ਡਾਕਟਰ ਮੋਰਗਨ ਆਪਣੀ 65 ਸਾਲਾ ਸਾਥਣ ਫਰਾਂਸਿਸ ਨਾਲ ਰਹਿੰਦੇ ਹਨ। ਉਨ੍ਹਾਂ ਕਿਹਾ ਕਿ ਨਵੰਬਰ 2019 ਵਿੱਚ ਉਸ ਨੇ ਆਪਣੇ ਆਪ ਨੂੰ ਅੱਧੀ ਮਨੁੱਖੀ ਮਸ਼ੀਨ ਵਿੱਚ ਢਾਲਣ ਦਾ ਕੰਮ ਸ਼ੁਰੂ ਕੀਤਾ, ਜਿਸ ਨਾਲ ਨਾ ਸਿਰਫਉਹ ਅੱਜ ਤੱਕ ਜ਼ਿੰਦਾ ਹਨ, ਸਗੋਂ ਪਹਿਲਾਂ ਨਾਲੋਂ ਵੱਧ ਖੁਸ਼ਹਾਲ ਹਨ। ਉਨ੍ਹਾਂ ਕਿਹਾ ਕਿ ਉਨ੍ਹਾਂ ਦਾ ਹਮੇਸ਼ਾ ਵਿਸ਼ਵਾਸ ਹੈ ਕਿ ਜੀਵਨ ਵਿੱਚ ਗਿਆਨ ਤੇ ਤਕਨੀਕ ਨਾਲ ਬਹੁਤ ਸਾਰੀਆਂ ਮਾੜੀਆਂ ਚੀਜ਼ਾਂ ਨੂੰ ਬਦਲਿਆ ਜਾ ਸਕਦਾ ਹੈ। ਡਾਕਟਰ ਸਕਾਟ-ਮੋਰਗਨ ਨੇ ਸਿਰਫ ਆਈ ਟ੍ਰੈਕਿੰਗ ਤਕਨੀਕ ਦੀ ਖੋਜ ਕੀਤੀ ਹੈ ਤਾਂ ਜੋ ਕਈ ਕੰਪਿਊਟਰਾਂ ਨੂੰ ਉਨ੍ਹਾਂ ਦੀਆਂ ਅੱਖਾਂ ਦੀ ਵਰਤੋਂ ਕਰ ਕੇ ਕੰਟਰੋਲ ਕੀਤਾ ਜਾ ਸਕੇ। ਉਹ ਕੇਵਲ ਵੈਂਟੀਲੇਟਰ ਨਾਲ ਸਾਹ ਲੈ ਸਕਦੇ ਹਨ। ਰੋਬੋਟ 'ਚ ਆਖਰੀ ਤਬਦੀਲੀ ਵੇਲੇ ਉਸ ਦੀ ਆਵਾਜ਼ ਚਲੀ ਗਈ। ਉਸ ਨੂੰ ਇੱਕ ਲੈਰਿਜੇਕਟਾਮੀ ਕਰਵਾਈ ਗਈ, ਜਿਸ ਦਾ ਮਤਲਬ ਇਹ ਹੈ ਕਿ ਉਸ ਦੀ ਸਰੀਰਕ ਆਵਾਜ਼ ਚਲੀ ਗਈ ਸੀ, ਪਰ ਅਜਿਹਾ ਕਰ ਕੇ ਉਸ ਨੇ ਆਪਣੀ ਲਾਰ ਨੂੰ ਫੇਫੜਿਆਂ ਵਿੱਚ ਜਾਣ ਤੋਂ ਬਚਾਇਆ।






## ਮੌਜੂਦਾ ਹਾਲਾਤ ਵਿੱਚ ਭਾਰਤ ਨਾਲ ਕੋਈ ਵਪਾਰ ਨਹੀਂ : ਇਮਰਾਨ ਖਾਨ

ਇਸਲਾਮਾਬਾਦ, 4 ਅਪ੍ਰੈਲ (ਪੋਸਟ ਬਿਊਰੋ)- ਪਾਕਿਸਤਾਨ ਦੇ ਪ੍ਰਧਾਨ ਮੰਤਰੀ ਇਮਰਾਨ ਖਾਨ ਆਪਣੀਆਂ ਭਾਰਤ ਵਿਰੋਧੀ ਹਰਕਤਾਂ ਨਹੀਂ ਛੱਡ ਰਹੇ। ਪਹਿਲਾਂ ਸ਼ਾਂਤੀ ਦਾ ਪੈਗਾਮ ਭੇਜਿਆ ਤੇ ਫਿਰ ਪਲਟੀ ਮਾਰ ਲਈ। ਅੱਗੋਂ ਵਪਾਰ ਦੇ ਮੁੱਦੇ 'ਤੇ ਖੁਦ ਹੀ ਇੰਪੋਰਟ ਕਰਨ ਦਾ ਫੈਸਲਾ ਲੈ ਕੇ ਯੂ ਟਰਨ ਮਾਰ ਲਿਆ ਹੈ।

ਆਪਣੇ ਮੰਤਰੀ ਮੰਡਲ ਦੇ ਖਾਸ ਸਲਾਹਕਾਰਾਂ ਨਾਲ ਗੱਲ ਕਰਨ ਪਿੱਛੋਂ ਕੱਲ੍ਹ ਇਮਰਾਨ ਖਾਨ ਨੇ ਕਿਹਾ ਕਿ ਮੌਜੂਦਾ ਹਾਲਾਤ ਵਿੱਚ ਭਾਰਤ ਨਾਲ ਵਪਾਰ ਕਰਨਾ ਸੰਭਵ ਨਹੀਂ। ਉਨ੍ਹਾਂ ਇਸ ਬਾਰੇ ਕੈਬਨਿਟ ਬੈਠਕ ਤੋਂ ਬਾਅਦ ਵਣਜ ਮੰਤਰਾਲੇ ਅਤੇ ਆਰਥਿਕ ਸਲਾਹਕਾਰਾਂ ਦੀ ਟੀਮ ਨੂੰ ਕਿਹਾ ਕਿ ਉਹ ਭਾਰਤ ਤੋਂ



ਖੰਡਅਤੇ ਕਪਾਹ ਦੀ ਇੰਪੋਰਟ ਬਾਰੇ ਸੋਚਣਾ ਬੰਦ ਕਰ ਦੇਣ ਅਤੇ ਸਬੰਧਤ ਸਾਰੇ ਸੈਕਟਰਾਂ ਲਈ ਸਸਤਾ ਕੱਚਾ ਮਾਲ ਹੋਰ ਦੇਸ਼ਾਂ ਤੋਂ ਮੰਗਾਉਣ ਦੇ ਬਦਲ ਲੱਭਣ।

ਵਰਨਣ ਯੋਗ ਹੈ ਕਿ ਪਹਿਲਾਂ ਆਰਥਿਕ ਤਾਲਮੇਲ (ਈ ਸੀ ਸੀ) ਕਮੇਟੀ ਨੇ ਵਿਸ਼ਵ ਬਾਜ਼ਾਰ ਦਾ ਅਧਿਐਨ ਕਰਨ ਦੇ ਬਾਅਦ ਇੱਕ ਪ੍ਰੈਜ਼ੈਂਟੇਸ਼ਨ ਕੈਬਨਿਟ ਨੂੰ ਦਿੱਤਾ ਸੀ, ਜਿਸ ਵਿੱਚ ਕੱਚੇ ਮਾਲ ਲਈ ਭਾਰਤ ਨੂੰ ਸਭ ਤੋਂ ਵਧੀਆ ਤੇ ਸਸਤਾ ਬਦਲ ਦੱਸਿਆ ਸੀ। ਪ੍ਰੈਜ਼ੈਂਟੇਸ਼ਨ ਦੇਖਣ ਪਿੱਛੋਂ ਪਾਕਿ-ਸਤਾਨ ਦੇ ਪ੍ਰਧਾਨ ਮੰਤਰੀ ਅਤੇ ਉਨ੍ਹਾਂ ਦੇ ਮੰਤਰੀ ਮੰਡਲ ਨੇ ਭਾਰਤ ਤੋਂ ਖੰਡ ਤੇ ਕਪਾਹ ਦੀ ਇੰਪੋਰਟ ਦੀ ਇਜਾਜ਼ਤ ਦਿੱਤੀ ਸੀ। 24 ਘੰਟਿਆਂ ਦੇ ਬਾਅਦ ਇਮਰਾਨ ਨੇ ਕਸ਼ਮੀਰ ਵਿੱਚ ਧਾਰਾ 370 ਹਟਾਉਣ ਦਾ ਰਾਗ ਅਲਾਪਦੇ ਹੋਏ ਖੁਦ ਇਸ ਫੈਸਲੇ ਤੋਂ ਯੂ-ਟਰਨ ਲੈ ਲਿਆ ਸੀ। ਪਾਕਿਸਤਾਨ ਦੇ ਟੈਕਸਟਾਈਲ ਸੈਕਟਰ ਨੂੰਇਸ ਐਲਾਨ ਤੋਂ ਬਾਅਦ ਖਾਸੀ ਮੁਸੀਬਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

## ਨੈਨੀ ਦੀ ਲੋੜ

Queen and credit view area

ਵਿਚ ਘਰ ਦਾ ਕੰਮਕਾਰ ਕਰਨ ਲਈ ਨੈਨੀ ਦੀ ਲੋੜ ਹੈ। 50 ਸਾਲ ਤੋਂ ਉਪਰ ਉਮਰ ਦੀ ਔਰਤ ਹੀ ਸੰਪਰਕ ਕਰੇ।

ਸੰਪਰਕ:- 416-556-6884

## ਕਾਮਿਆਂ ਦੀ ਲੋੜ

ਇਕ construction ਕੰਪਨੀ ਨੂੰ ਕੁਝ ਕਾਮਿਆਂ ਦੀ ਤੁਰੰਤ ਲੋੜ ਹੈ। ਤੁਹਾਡੇ ਕੋਲ ਤਜ਼ਰਬਾ ਹੈ ਚਾਹੇ ਨਹੀਂ ਤਾਂ ਵੀ ਤੁਸੀਂ ਜੁਆਇੰਨ ਕਰ ਸਕਦੇ ਹੋ। ਵਧੀਆ ਤਨਖਾਹ, ਵਧੀਆ ਘੰਟੇ ਦਿੱਤੇ ਜਾਣਗੇ

6472055909, 9057897783

## WANTED

Panjabi Nannies, Caregivers, Cleaning ladies and Cooks for GTA. Please contact at the earliest at: 416-275-7010

## A/Z CITY DRIVER WANTED

INNOVATION Transportation

- A/Z City Drivers Needed
- Good Pay and good Mileage
- Day, Afternoon & Weekend Shifts
- Weekly Pay

$22 /Hour

- 7 Days Work
- All Shifts Available

Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ

Call : 416- 268-9952

70 Delta Park Blvd, Unit # 4, Brampton


# ਕੈਨੇਡੀਅਨ ਪੰਜਾਬੀ ਪੋਸਟ CLASSIFIEDS

Award winning news paper | Canadian Punjabi Post

Starting at just $10

ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ ਕਾਲ ਕਰੋ: 905-793-2202


Call for Free Estimates

A-1 RENOVATION GTA INC

416-456-1462

OVER 15 YEARS OF SERVICE

Professionals in Completing Basements within 3 Weeks

info@a1renovationgta.com

www.a1renovationgta.com

Services:
- Complete Basement
- Tiles
- Bathrooms
- Plumbing
- Laminate
- Hardwood Floor
- Painting

A-1 RENOVATION GTA INC.

22 Listcreek Road, Brampton L6p 2n6

You can (905)793-2202 Place Your Business Here To Reach Wider Audience

ਸਸਤੀਆਂ ਹਵਾਈ ਟਿਕਟਾ ਅਤੇ ਭਰੋਸੇਯੋਗ ਸੇਵਾਵਾਂ ਲੈਣ ਲਈ ਨਿਊ-ਵੇ ਨੂੰ ਕਾਲ ਕਰੋ

NU WAY TOUR & TRAVELS INC.

AIR TICKETS | CRUISES | VACATIONS | TRAVEL INSURANCE

International & Domestic Air Tickets
- Cheapest Air Fares
- Price Match Guaranteed
- 24/7 Emergency Services
- Reliable & Excellent Customer Service
- 100% Customer Satisfaction

Travel Worry Free With Insurance
- Super Visa Insurance
- Visitor to Canada
- Trip Cancellation
- Trip Interruption

Manulife



Call Us For Guaranteed Lowest Airfare

ANY Airline Time Destination Around the World

7015 Tranmere Dr. Unit- 8, Mississauga, ON L5S 1T7

Tel: 905 362 0937 | Fax: 1 855 897 0900

www.nuwaytravels.com E-mail- info@nuwaytravels.com

PESTAGON Ltd

PEST CONTROL SERVICES

* RESIDENTIAL * COMMERCIAL

LICENCED BY GOVERNMENT

INSURED & BONDED

EVERY SERVICE WITH WARRANTY

SERVING GTA

CALL :416-822-2590

Ants, Wasp, Centepede, Fleas, Bed Bugs

HOMELIFE SILVERCITY Realty Inc. Brokerage

Kulwinder Chhina

SALES REPRESENTATIVE

647.293.2327

www.Kulwinderchhina.com






# Matrimonial

ਰਿਸ਼ਤੇ ਹੀ ਰਿਸ਼ਤੇ

Starting at just $10

ਵਿਆਹ ਸ਼ਾਦੀ ਦਾ ਇਸ਼ਤਿਹਾਰ ਦੇਣ ਲਈ ਕਾਲ ਕਰੋ: 905-793-2202

## ਲੜਕੀ ਦੀ ਲੋੜ

Beautiful match, below 35yrs, for smart JatSikh boy, Canada PR, 39/5-11" BE/MBA, Highly paid job, R/U property in Canada/India, issueless divorcee, caste no bar, respond only with pics & details. **Whatsapp +16474968844 Email : matchjatt2018@gmail.com**

ਜੱਟ ਸਿੱਖ ਲੜਕਾ, 1994 ਕੱਦ 5 '11 , ਜੋ ਕਿ ਇੰਡੀਆ ਵਿਚ ਚੰਗੀ ਜੋਬ ਕਰਦਾ ਹੈ, ਲਈ ਕੈਨੇਡੀਅਨ ਪੀ ਆਰ, ਸਿਟੀਜਨ ਲੜਕੀ ਦੀ ਲੋੜ ਹੈ, ਸਟੱਡੀ ਵੀਜ਼ੇ ਵਾਲੇ ਵੀ ਸੰਪਰਕ ਕਰ ਸਕਦੇ ਹਨ। 416 400 2604 ਵਟਸਅੱਪ 8920619746

ਜੱਟ ਸਿੱਖ ਉਮਰ 28 ਸਾਲ ਕੱਦ 5"8 ਸਾਰੀ ਫੈਮਲੀ ਕਨੈਡਾ ਵਿਚ । ਲੜਕੇ ਨੇ 12 ਗਰੇਡ ਕੀਤੇ ਹੋਏ ਹਨ ਟਰੱਕਿੰਗ ਕੰਪਨੀ ਨਾਲ ਕੰਮ ਕਰ ਰਿਹਾ ਹੈ, ਚੰਗੀ ਆਮਦਨ ਆਪਣਾ ਘਰ ਜੋ ਕੇ ਕਿਰਾਏ ਤੇ ਦਿਤਾ ਹੈ। ਸਾਰੀ ਫੈਮਲੀ ਕੈਨੈਡਾ ਵਿਚ, ਫੈਮਲੀ ਦੇ ਨਾਲ ਹੀ ਰਹਿ ਰਿਹਾ ਹੈ। ਜਲੰਧਰ ਜਿਲ੍ਹੇ ਨੂੰ ਪਹਿਲ , ਲੜਕੀ ਸਿਟੀਜ਼ਨ, ਪੀਆਰ ਜਾਂ ਵਿਜ਼ਟਰ ਕੋਈ ਵੀ ਹੋਵੇ। ਸੰਪਰਕ : 647-948-8474 647-670-8013

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6'2", ਜੋ ਕਿ ਆਸਟ੍ਰੇਲੀਆ 'ਚ ਸਟੱਡੀ ਵੀਜ਼ੇ 'ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ 'ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ 'ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਸੰਪਰਕ: 9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5'11" ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5'10", Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 । +91-98142-02918 (Whatsapp)

Seeking a suitable match for their son, never married, 43 years, 6' tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕਾ, ਇਸ ਸਮੇਂ ਵਿਜ਼ਿਟਰ ਵੀਜ਼ੇ 'ਤੇ ਕੈਨੇਡਾ ਵਿਚ, ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤੀ ਬੰਧਨ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

* ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5 ਫੁੱਟ 4 ਇੰਚ ਲਈ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਪਿਛਲੇ 6 ਸਾਲਾਂ ਤੋਂ ਕੁਕਿੰਗ ਦਾ ਕੰਮ ਕਰਦਾ ਹੈ ਤੇ ਕੈਨੇਡਾ ਵਿਚ ਵਿਜ਼ਿਟਰ ਵੀਜ਼ੇ ਉਤੇ ਕੈਂਬਰਿਜ ਗੁਰਦੁਆਰਾ ਸਾਹਿਬ ਵਿਖੇ ਕੁੱਕ ਦੀ ਸੇਵਾ ਕਰਦਾ ਹੈ। ਵਧੇਰੇ ਜਾਣਕਾਰੀ ਲਈ ਸੰਪਰਕ ਕਰੋ:- 647-852-7532 ਅਤੇ 647-637-4035

* ਹਿੰਦੂ ਖਤਰੀ ਲੜਕਾ, ਕੱਦ 5'8", ਉੱਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

* ਸੁੰਨਿਆਰਾ ਲੜਕਾ, ਉੱਮਰ 25 ਸਾਲ, ਕੱਦ 5'8", ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

* ਅਰੋੜਾ ਸਿੱਖ ਲੜਕਾ, ਉੱਮਰ 36 ਸਾਲ, ਕੱਦ 5'11',ਕੇਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

* ਜੱਟ ਸਿਖ ਲੜਕਾ, ਉਮਰ 27 ਸਾਲ, ਕੱਦ 5'11", ਕੈਨੇਡਾ ਵਿੱਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

* ਜੱਟ ਸਿਖ ਲੜਕਾ, ਉੱਮਰ 28 ਸਾਲ, ਕੱਦ 5'7", ਕੈਨੇਡਾ ਵਿਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5'-3", ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੇ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

ਜੱਟ ਸਿੱਖ ਲੜਕੀ, 35 ਸਾਲ, ਕੱਦ 5'3", ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

## ਲੜਕੇ ਦੀ ਲੋੜ

Looking for suitable gursikh match for Ramdasia girl, height 5.6' fair. Completed master degree in IT from British Columbia. Currently working as a Cyber security analyst in Vancouver, BC. Permanent residency is expected soon. Sister,brother and nanka family is settled in canada. Mother is central govt employee in chandigarh. No Caste bar. Preference from within canada and America.PR or Citizen preferred. Call after 5pm and weekends at 416 721 5191.

Seeking a Boy for Beautiful, well educated, Mumbai Born and Raised 5' 2", 27 years old Sikh Ramgarhia girl. Completed Masters in Commerce and Currently a Lecturer at a Prominent College in Mumbai. Looking for a well-educated Boy, cast no Bar, from Canada or US. Contact 416 524 7330

ਜੱਟ ਸਿੱਖ ਲੜਕੀ, ਉਮਰ 33 ਸਾਲ, ਕੱਦ 5 ਫੁੱਟ 4 ਇੰਚ, ਇੰਡੀਆ ਤੋਂ MBA ਅਤੇ ਕੈਨੇਡਾ ਤੋਂ Marketing Management, Food Media ਦੀ ਪੜ੍ਹਾਈ ਕੀਤੀ ਹੋਈ ਹੈ। ਇੱਥੇ Health Care Screener ਦੇ ਤੌਰ 'ਤੇ ਕੰਮ ਕਰਦੀ ਹੈ, ਲਈ ਕੈਨੇਡੀਅਨ ਜਾਂ ਅਮਰੀਕਨ PR/Citizen ਲੜਕੇ ਦੀ ਲੋੜ ਹੈ। ਸੰਪਰਕ: 437-332-8422 E-mail : puneetasra17october@gmail.com


ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5'-4", Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654


UPPAL LAW



AVTAR UPPAL Manager

IMMIGRATION SERVICES
- Visitor Visa
- Super Visa
- Study,Work,Visitor Extension Visa
- Spousal Applications
- Family Sponsorship
- Permanent Residence Card Renewal
- Citizenship Application
- All Invitation Letters

OTHER PRACTICES
- Criminal Law
- Family Law
- Power of Attorney
- Change of Name
- Notarization
- Travel Consent
- Affidavit
- Landlord and Tenant Matters



AMAN UPPAL Barrister,Solicitor

FREE Consultation

Tel: 905-500-1507

351 Parkhurst Square, # 16, Brampton,ON L6T 0C2, Fax: 905-672-7848

* PRIOR APPOINTMENT NECESSARY

ਫੋਨਾਂ ਦੇ ਸਸਤੇ ਪਲਾਨ ਗਾਰੰਟਿਡ

ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਓਗੇ ਹੈਰਾਨ, ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓ

20 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ

(905)790-9999

2565 Steeles Ave. E, Brampton (Steeles/Torbram)

STARLANE PAINTING

Residential • Commercial • Industrial

• Hotel • Motel • Exterior • Interior • Spray Painting • Office Painting • Drywall Fixing

ਘਰ ਹੋਵੇ ਜਾਂ ਹੋਵੇ ਦੁਕਾਨ ਅਸੀ ਵਧਾਈਏ ਰੰਗਾਂ ਨਾਲ ਉਸ ਦੀ ਸ਼ਾਨ

7 Days a Week

Call For FREE Estimate

ਹਰ ਤਰ੍ਹਾਂ ਦੀ ਵਧੀਆ ਪੇਂਟਿੰਗ ਲਈ 20 ਸਾਲਾਂ ਤੋ ਵੀ ਵੱਧ ਤਜਰਬੇਕਾਰ ਹਰਜੀਤ ਨੂੰ ਕਾਲ ਕਰੋ



416.230.4000 • 647.409.1092

www.STARLANEPAINTING.com

